# ਹੁਣ ਅਲਵਿਦਾ ਹੁੰਦੇ ਨੇ ਖ਼ਤ

(ਕਵਿਤਾਵਾਂ)

**ਇਸੇ ਕਲਮ ਤੋਂ:**

**ਕਾਵਿ ਸੰਗ੍ਰਹਿ**

* ਹੰਝੂ ਭਿੱਜਿਆ ਮੌਸਮ 1988
* ਤਾਰਿਆਂ ਦੀ ਛਾਵੇਂ 1990
* ਮੱਸਿਆ ਤੇ ਗੁਲਾਬੀ ਲੋਅ 1994
* ਬੁੱਕਲ਼ ਵਿਚਲੇ ਸੂਰਜ 2000

**ਵਾਰਤਕ**

* ਨਾ! ਮੰਮੀ ਨਾ 2004, 2006

**ਅਨੁਵਾਦ**

* ਬੋਹੜ ਦਾ ਦਰੱਖਤ (ਨੈਸ਼ਨਲ ਬੁੱਕ ਟਰੱਸਟ ਇੰਡੀਆ)

**ਹੋਰ ਲੇਖਕਾਂ ਨਾਲ ਸਾਂਝੇ ਸੰਗ੍ਰਹਿ**

**ਕਹਾਣੀਆਂ:**

* ਪਹੁ ਫ਼ੁਟਾਲਾ ਤੇ ਹੋਰ ਕਹਾਣੀਆਂ ਅਤੇ ਬਾਰਹਾ ਕੰਚਨ

**ਵਾਰਤਕ :**

* ਮੇਰੀ ਦੇਹਲੀ ਤੇ ਦਘਦਾ ਸੂਰਜ

**ਕਵਿਤਾਵਾਂ:**

ਹੰਸਣੀਆਂ ਤਿਰਹਾਈਆਂ
ਅੱਖੋਂ ਪਰੋਖੇ
ਮਹਿਕਦੀਆਂ ਕਲਮਾਂ
ਸਦੀ ਦੀਆਂ ਤਰਕਾਲਾਂ
108 ਪੰਜਾਬੀ ਗ਼ਜ਼ਲਗੋ
ਅੱਧੀ ਸਦੀ ਦੀ ਮਹਿਕ
ਮਾਵਾਂ ਠੰਢੀਆਂ ਛਾਵਾਂ
ਧੀਆਂ ਧਿਆਣੀਆਂ
ਸਿੱਖੀ ਸਿਦਕ
ਸ਼ਹੀਦਾਂ ਦੇ ਸਿਰਤਾਜ
ਕਾਵਿ ਰੰਗ
ਅੰਬਰੀਂ ਉੱਡਦੀਆਂ ਡਾਰਾਂ
ਰਾਹਨੁਮਾ ਪਿਤਾ
ਉੱਘੜਦੇ ਹਸਤਾਖ਼ਰ
ਬਾਲ ਕਾਵਿ ਸੰਗ੍ਰਹਿ
ਵਿਸ਼ਵ ਪੰਜਾਬੀ ਗ਼ਜ਼ਲ
ਦਸਤਕ ਤੇ ਸਿਰਨਾਵੇਂ
ਜ਼ੁਲਮੋਂ ਕੂਕ ਗਈ ਅਸਮਾਨੀ
ਅਰਧ-ਸਰੀਰੀ ਮੋਖ ਦੁਆਰੀ
ਧੀਆਂ ਦਾਤ ਅਦੁੱਤੀ
ਚੀਚੋ ਚੀਚ ਗਨੇਰੀਆਂ
ਸ਼ਬਦ-ਗੁਰੂ ਮਹਿਮਾ
ਯਾਰੜੇ ਦਾ ਸਾਨੂੰ ਸੱਥਰ ਚੰਗਾ
ਕਾਵਿ-ਪਰਿਕਰਮਾ
ਮਾਂ-ਬੋਲੀ ਦੀ ਮਹਿਕ
ਮੂੰਹੋਂ ਬੋਲਦੀਆਂ ਕਲਮਾਂ
ਗਿਆਨ ਦੀਪਿਕਾ-ਪੰਜਾਬੀ ਪਾਠਮਾਲਾ ਭਾਗ 5
ਗਿਆਨ ਦੀਪਿਕਾ-ਪੰਜਾਬੀ ਪਾਠਮਾਲਾ ਭਾਗ 6

# ਹੁਣ ਅਲਵਿਦਾ ਹੁੰਦੇ ਨੇ ਖ਼ਤ

(ਕਵਿਤਾਵਾਂ)

ਡਾ. ਗੁਰਮਿੰਦਰ ਸਿੱਧੂ

*ਪੇਸ਼ਕਸ਼*

**ਰਘਬੀਰ ਰਚਨਾ ਪ੍ਰਕਾਸ਼ਨ**

**Hun Alvida Hundey Ney Khat**
**(Collection of poems)**
**by : Dr. Gurminder Sidhu**
**# 658, Phase 3B-I, Mohali-160059 (Punjab) India**
**Phone : 0172-4623658, 2273728, Mobile : 98720-07658**
**Email : gurmindersidhu@rediffmail.com**

ਕਾਪੀਰਾਈਟ : ਡਾ. ਗੁਰਮਿੰਦਰ ਸਿੱਧੂ
658, ਫੇਜ਼-3ਬੀ-1, ਮੋਹਾਲੀ-160059, ਪੰਜਾਬ (ਭਾਰਤ)
ਫੋਨ : **0172-4623658, 2273728,** ਮੋਬਾਇਲ : **98720-07658**
**Email : gurmindersidhu@rediffmail.com**

**Edition : 2011**

**Price : Rs. 150**

**Title designed by T. Singh**

**ISBN : 978-81-7914-**

**Published by :**
**Tarlochan Publishers**
**3236, Sector 15-D, Chandigarh**
**Tel. : 0172-4613236 (M) 98786 03236**
**E-mail : tarlochanpublishers@yahoo.co.in**

**Branch : CB-67, DDA Flats, Hari Nagar, New Delhi**

---

**ਹੁਣ ਅਲਵਿਦਾ ਹੁੰਦੇ ਨੇ ਖ਼ਤ**, ਲੇਖਿਕਾ : ਡਾ. ਗੁਰਮਿੰਦਰ ਸਿੱਧੂ
**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
**ਛਾਪਕ** : ਮੋਨਾ ਐਂਟਰਪ੍ਰਾਈਜ਼ਜ, ਦਿੱਲੀ

ਗੁਆਚ ਰਹੇ
ਸਿਰਨਾਵਿਆਂ ਦੇ ਨਾਂ

# ਤਤਕਰਾ


- ਹੁਣ ਅਲਵਿਦਾ ਹੁੰਦੇ ਨੇ ਖ਼ਤ 9
- ਚੱਲ ! ਪਰਤ ਚੱਲੀਏ 13
- ਕੰਧ ਦੇ ਆਰੋਂ-ਪਾਰੋਂ ਖ਼ਤ 15
- ਪਰਲੇ ਪਾਰੋਂ ਖ਼ਤ 18
- ਧੀਆਂ ਦੇ ਚੰਦ-ਸੂਰਜ 20
- ਚਿਹਰੇ ਦਾ ਅਖ਼ਬਾਰ 21
- ਕੋਈ ਹਰਿਆ ਬੂਟ ਰਹਿਓ ਰੀ.... 23
- ਸ਼ਹੀਦਾਂ ਦੇ ਸਿਰਤਾਜ ਨੂੰ 26
- ਗੁਜਰੀ... 28
- ਮਾਂ ਪੰਜਾਬੀ ਤੋਂ ਬੇ-ਮੁੱਖ ਹੋਏ ਪੁੱਤਾਂ ਦੇ ਨਾਂ 34
- ਤੁਸੀਂ ਸਾਰੇ ਕਿੱਥੇ ਓ ? 36
- ਕੁੜੀਆਂ ਦਾ ਸਾਵਣ 37
- ਇੱਕ ਚਿੱਠੀ ਸਰਹੱਦ ਤੋਂ ਆਈ 39
- ਮੈਂ ਭਗਤ ਸਿੰਘ ਬੋਲਦਾਂ.... 42
- ਕੀਹ ਹੋਇਆ ਆਜ਼ਾਦੀ ਦਾ ਰੰਗ ਫਿੱਕਾ ? 45
- ਜਾਂਜਬੀੜ 47
- ਮੇਰੀ ਚਿੜੀ ਦੀ ਅੰਬਰ ਵੱਲ ਉਡਾਣ 49
- ਮੇਰੀਏ ਧਰਤੀਏ...? 50
- ਮਾਂ-ਦਿਵਸ 'ਤੇ 51
- ਜੰਮਣ-ਪੀੜਾਂ 56
- ਤੇਰੀ ਅਗਨਕੁੰਡ ਜਹੀ ਪੀੜ ! 57
- ਬੁਝੀਆਂ ਦੀਵਾਲੀਆਂ 59
- ਕਵਿਤਾ ਅੱਜ ਕੱਲ੍ਹ 60
- ਇਸ ਵੇਦਨ ਨੂੰ ਕੀ ਨਾਂ ਦੇਵਾਂ ? 62
- ਸਬਰਾਂ ਦਾ ਸ਼ੀਸ਼ਾ 64
- ਆ ਮੈਂ ਤੈਨੂੰ ਸੋਹਣੀਏ !.... 66
- ਕੁੜੀ ਹੁਣ ਕੋਈ ਖ਼ਤ ਨਹੀਂ ਲਿਖੇਗੀ 68
- ਪਰਦੇਸੋਂ ਪਰਤਣ ਵੇਲੇ.... 70


## ਮਿੰਨੀ ਕਵਿਤਾਵਾਂ


- ਉਮਰ-ਕੈਦ 75
- ਚਿੱਠੀ 75
- ਹੀਰਾ 75
- ਅੱਗ 76
- ਬੌਣੇ 76
- ਤਰਲਾ 76
- ਦਰਦ 77
- ਸੁਫ਼ਨੇ 77
- ਹਾਦਸਾ 77
- ਹੌਸਲਾ 78
- ਸਿਤਾਰੇ 78
- ਜ਼ਿੰਦਗੀ 78
- ਜਾਗ੍ਰਿਤੀ 79
- ਇਰਾਦੇ 79
- ਬਰਸਾਤ 79
- ਤ੍ਰਿਸ਼ਣ 80

## ਗੀਤ


- ਖੱਟੀ ਲੋਈ 83
- ਸੁਫ਼ਨੇ ਉਨ੍ਹਾਬੀ ਰੰਗ ਦੇ 84
- ਮੈਂ ਹਾਂ ਪੰਜਾਬੀ ਬੋਲੀ, ਮੇਰੇ ਲਾਡਲਿਓ! 86
- ਪਰਦੇਸੀਂ ਜਾ ਰਹੇ ਪੁੱਤਾਂ ਦੇ ਨਾਂ.... 88
- ਬੈਰੀ ਤੋੜਨ ਬਾਬਲਾ! ਵੇ.... 90
- ਅਸੀਂ ਕੂਜਾ-ਮਿਸ਼ਰੀ ਦੀਆਂ ਡਲੀਆਂ 92
- ਕਦੇ ਵਿਸਰਦਾ ਨਹੀਂਉਂ ਬਾਬਲ ਧਰਮੀ ਦਾ ਦੇਸ 94
- ਦੂਰ ਦੇਸ ਨੂੰ ਤੁਰ ਗਏ ਬਾਬਲ! 95
- ਮਾਏ ਨੀ ! ਸਾਨੂੰ ਝਾਂਜਰਾਂ ਮੇਚ ਨਾ ਆਈਆਂ 97


## ਗ਼ਜ਼ਲਾਂ


- ਜਿੱਥੇ ਸੀ ਜਾਣੋਂ ਵਰਜਿਆ ..... 101
- ਨਹਿਰਾਂ ਦੇ ਕੰਢੇ ਕੰਢੇ..... 102
- ਨਦੀਆਂ ਦੀ ਉਡੀਕ ਇਉਂ.... 103
- ਮੌਸਮ ਦੇ ਰੰਗ ਨਾਲ...... 104
- ਅੱਜ ਤੱਕ ਵੀ ਛੇੜੇ ਕੰਬਣੀਆਂ...... 105
- ਕਦੇ ਨਹੀਂ ਵਕਤ ਨੂੰ ਦਰਦਾਂ ਦਾ ਉਹ ਪਲ.... 106
- ਹਿਜਰ ਵਿੱਚ ਹੰਝੂਆਂ ਦੀ ਕਿਨਮਿਣ..... 107
- ਜ਼ਿੰਦਗੀ! ਤਪਦੇ ਸਿਰਾਂ ’ਤੇ ਛਾਂ ਕਰ ਦੇ 108
- ਰਾਤ ਨੂੰ ਜੋ ਜਗ ਪਿਆ ਸੀ..... 109
- ਜਿਹਦਾ ਹਰ ਅੰਗ ਜ਼ਖ਼ਮੀ ਹੈ.... 110
- ਸਾਡੀ ਰੈਣ ਤ੍ਰਿੰਜਣ ਹੋਈ ..... 111
- ਮੁਸਕਾਨ ਦੀ ਕੋਈ ਲੋਅ ਜਿਹੀ.... 112


## ਹੁਣ ਅਲਵਿਦਾ ਹੁੰਦੇ ਨੇ ਖ਼ਤ

ਫੋਨਾਂ ਦੀ ਟੁਣਕਾਰ ਵਿੱਚ
ਈ-ਮੇਲਾਂ ਦੀ ਰੁੱਤ ਵਿੱਚ
ਫੇਸ-ਬੁੱਕਾਂ ਦੀ ਭੀੜ ਵਿੱਚ
ਬੰਨ੍ਹ ਰਹੇ ਨੇ ਗੰਢੜੀਆਂ
ਸਭ ਖ਼ਤ ਗੁਲਾਬੀ ਰੰਗ ਦੇ

ਹਾਇ ਉਹ ਸ਼ਾਮਾਂ ਕਿਰਮਚੀ!
ਜਦ ਭਾਲਣਾ ਵਰਕਾ ਕੋਈ
ਸੱਜਣਾਂ ਦੇ ਮੁਖ ਦੇ ਹਾਣ ਦਾ
ਸੁੰਞੇ ਜਿਹੇ ਕੋਨੇ ਦੇ ਵਿੱਚ
ਜਾ ਮਲਕੜੇ ਜਹੇ ਬੈਠਣਾ
ਸਿਆਹੀਆਂ ਹਰੀਆਂ ਨੀਲੀਆਂ
ਕਦੀ ਵੇਲ ਬੂਟੇ ਪਾਵਣੇ
ਕਦੀ ਟੱਪੇ ਕਿਤੇ ਸਜਾਵਣੇ
ਦੁਨੀਆਂ ਦਾ ਸਭ ਤੋਂ ਪਿਆਰਾ ‘ਅੱਖਰ’
ਲਿਖਣਾ ਤੇ ਸ਼ਰਮਾਵਣਾ
ਦੰਦਾਂ ’ਚ ਕਲਮ ਨੱਪ ਕੇ
ਸੱਤ ਅੰਬਰੀਂ ਉੱਡ ਜਾਵਣਾ
ਪਰੀਆਂ ਦੇ ਨਕਸ਼ ਟੋਲਣਾ
ਚੰਨ ਕੋਠੇ ’ਤੇ ਉਤਾਰਨਾ
ਚੀਰ ਕੇ ਦਿਲ ਆਪਣਾ
ਚਿੱਠੀ ’ਤੇ ਸੁੱਕਣਾ ਪਾਵਣਾ
ਫਿਰ ਨਿੱਕੀ ਜਿਹੀ ਬਿੜਕ ’ਤੇ
ਇਹਨੂੰ ਕਾਪੀ ਹੇਠ ਲੁਕਾਵਣਾ

ਕਾਗ਼ਜ਼ ਦੇ ਫੜਕਣ ਵਾਂਗ ਹੀ
ਖ਼ਰਗੋਸ਼-ਦਿਲ ਦਾ ਫੜਕਣਾ
ਹੱਥ ਏਧਰ ਉਧਰ ਮਾਰ ਕੇ
ਸਭ ਨੂੰ ਭੁਲੇਖੇ ਪਾਵਣਾ
ਲੈ ਕੇ ਲਿਫ਼ਾਫ਼ਾ ਹੱਟੀਉਂ
ਤਹਿ ਮਾਰ ਕੇ ਵਿੱਚ ਪਾਵਣਾ
ਇਤਰਾਂ ਦੇ ਗੜਵੇ ਛਿੜਕਣਾ
ਰਿਸ਼ਮਾਂ ਦੀ ਡੋਰੀ ਬੰਨ੍ਹਣਾ
ਲੱਗਣਾ ਲੈਟਰ ਬਕਸ ਵੀ
ਕੋਈ ਮੇਘਦੂਤ ਦਿਲਾਂ ਦਾ
ਅੱਖਾਂ 'ਚੋਂ ਸ਼ਹਿਦ ਡੋਲ੍ਹ ਕੇ
ਰੀਝਾਂ ਦਾ ਕੇਸਰ ਘੋਲ ਕੇ
ਸੌਂਪ ਦੇਣਾ ਉਹਨੂੰ ਚਿੱਠੀ
ਸੋਹਣੀ ਦਰਦ ਫ਼ਿਰਾਕ ਦੀ
ਜਿਉਂ ਕੱਚੇ ਦੁੱਧ ਦੇ ਨਾਲ ਰੱਜੀ
ਝੱਗੋ ਝੱਗ ਕੋਈ ਬਾਲਟੀ
ਜਿਉਂ ਸ਼ੱਕਰ ਭਰੀ ਪਰਾਤ ਕੋਈ
ਜਿਉਂ ਇਸ਼ਕ ਦੀ ਬਰਸਾਤ ਕੋਈ

ਹਾਂ ਬੰਨ੍ਹ ਰਹੇ ਨੇ ਗੰਢੜੀਆਂ
ਸਾਰੇ ਉਹ ਟੋਟੇ ਧੁੱਪ ਦੇ
ਸਾਈਕਲ ਦੀ ਟੱਲੀ ਸੁਣਦਿਆਂ
ਭੱਜ ਕੇ ਬੀਹੀ ਵਿੱਚ ਆਵਣਾ
ਬਾਂਕਾਂ ਦੇ ਵਗੈਰ ਹੀ
ਅੱਡੀਆਂ ਦਾ ਛਮ ਛਮ ਵੱਜਣਾ



ਡਾਕੀਏ ਦੀ ਤੋਰ 'ਚੋਂ ਆਪਣੀ ਤਲਾਸ਼ ਲੱਭਣਾ
ਰੁਕਦਾ ਬਰੂਹੀਂ ਦੇਖ ਕੇ ਬੱਸ ਬਾਂਵਰੇ ਹੋ ਜਾਵਣਾ
ਸੀਨੇ ਲਗਾਉਣਾ ਚੋਰੀਉਂ
ਮਾਹੀ ਦੀ ਭੇਜੀ ਪਾਤੜੀ

ਕੋਈ ਖ਼ਤ ਜੋ ਲਾਵੇ ਮਹਿੰਦੀਆਂ
ਕੋਈ ਖ਼ਤ ਜੋ ਬੰਨ੍ਹੇ ਮੌਲੀਆਂ
ਕੋਈ ਖ਼ਤ ਜੋ ਚਿੱਟੇ ਖੰਭਾਂ ਦੇ ਵਿੱਚ ਮੋਤੀਆਂ ਨੂੰ ਗੁੰਦ ਕੇ
ਵਾਂਗ ਕਿਸੇ ਹੰਸ ਦੇ ਰੂਹ ਦੇ ਸਰੋਵਰ ਉੱਤਰੇ
ਕੋਈ ਖ਼ਤ ਜੋ ਨੀਲੀ ਹਿੱਕ 'ਤੇ ਲੈ ਤਾਰਿਆਂ ਦੇ ਕਾਫ਼ਿਲੇ
ਤਿੜਕੀ ਤਲੀ 'ਤੇ ਰੱਖ ਦੇਵੇ ਸਾਬਤਾ ਅੰਬਰ ਕੋਈ
ਕੋਈ ਖ਼ਤ ਜਿਵੇਂ ਮੰਦਿਰ ਦੇ ਅੰਦਰ ਪਾਲਾਂ ਦੀਵਿਆਂ ਦੀਆਂ
ਕਿਤੇ ਤੋਤਲੇ ਜਿਹੇ ਬਾਲ ਦੇ ਝਰੀਟੇ ਕਾਂਗ-ਕਰੂੰਘੜੇ
ਕਿਤੇ ਮਾਂ ਦਿਆਂ ਹੱਥਾਂ 'ਚੋਂ ਕਿਰੀਆਂ ਲੋਰੀਆਂ ਦੀ ਬੰਸਰੀ
ਕਿਤੇ ਮਿੱਠੇ ਚੌਲਾਂ ਵਰਗੀਆਂ ਅਸੀਸਾਂ ਵੱਡਿਆਂ ਦੀਆਂ
ਕਿਤੇ ਗਿਲੇ ਸ਼ਿਕਵੇ ਰੋਸੜੇ, ਕਿਤੇ ਮਿੰਨਤਾਂ ਮਨੌਤੀਆਂ
ਕਿਤੇ ਭੋਗ ਕਿਧਰੇ ਸੋਗ ਵੀ
ਵਧਾਈਆਂ ਹਲਦੀ-ਭਿੱਜੀਆਂ
ਕਦੀ ਸੋਈ ਸੱਜਰੇ ਸਾਕਾਂ ਤੋਂ ਛੁਹਾਰਿਆਂ ਦੇ ਆਉਣ ਦੀ

ਹਾਂ ਬੰਨ੍ਹ ਰਹੇ ਨੇ ਗੰਢੜੀਆਂ
ਸਭ ਖ਼ਤ ਗੁਲਾਬੀ ਰੰਗ ਦੇ
ਕਰਦੇ ਰਹੇ ਨੇ ਜਿਹੜੇ ਹੁਣ ਤੱਕ ਰਿਸ਼ਤਿਆਂ ਦੀ ਆਰਤੀ
ਸਾਂਝਾਂ ਅਤੇ ਸਕੀਰੀਆਂ ਦੀ ਗੰਗਾ ਨਾਹਤੀ ਬੰਦਗੀ
ਸਨ ਹਾੜ੍ਹ ਦੀ ਧੁੱਪ ਵਿੱਚ ਜੋ ਪੱਖੀ ਘੁੰਗਰੂਆਂ ਵਾਲੜੀ

ਜਿਹਨਾਂ ਦੇ ਵਿੱਚ ਹੱਥਾਂ ਦੀ ਛੋਹ
ਜਿਹਨਾਂ ਦੇ ਵਿੱਚ ਅੱਖਾਂ ਦੀ ਛੋਹ
ਜਿਹਨਾਂ ਦੇ ਵਿੱਚ ਸਾਹਾਂ ਦੀ ਛੋਹ
ਜਿਹਨਾਂ ਦੇ ਵਿੱਚ ਹੋਠਾਂ ਦੀ ਛੋਹ
ਬੰਨ੍ਹ ਰਹੇ ਨੇ ਚਾਦਰ ਦੇ ਵਿੱਚ
ਸਾਰੀਆਂ ਹਰਿਆਵਲਾਂ
ਸਭ ਡੱਬੀਆਂ ਮਹਿਕਾਂ ਦੀਆਂ
ਸਿਰਾਂ ਦੇ ਉੱਤੇ ਚੁੱਕ ਕੇ
ਮਿੱਠਤਾਂ, ਮੁਹੱਬਤਾਂ, ਬਖ਼ਸ਼ਿਸ਼ਾਂ
ਲਓ ਜੀ ! ਤੁਹਾਡੇ ਸ਼ਹਿਰ 'ਚੋਂ
ਹੁਣ ਅਲਵਿਦਾ ਹੁੰਦੇ ਨੇ ਖ਼ਤ
ਚੰਗਾ ਜੀ ! ਤੁਹਾਡੇ ਸ਼ਹਿਰ 'ਚੋਂ
ਹੁਣ ਅਲਵਿਦਾ ਹੁੰਦੇ ਨੇ ਖ਼ਤ।



## ਚੱਲ ! ਪਰਤ ਚੱਲੀਏ

ਚੱਲ ! ਪਰਤ ਚੱਲੀਏ
ਉਮਰਾਂ ਦੀ ਕੁੰਜ ਲਾਹ ਕੇ
ਅਨੁਭਵ ਦੇ ਤਾਜ ਉਤਾਰ ਕੇ
ਉਸ ਕੱਚ-ਕੁਆਰੀ ਰੁੱਤ ਵੱਲ
ਜਦੋਂ ਝੱਲ-ਵਲੱਲੀਆਂ ਮਾਰਦੇ
ਆਪਾਂ ਸੱਚ ਦੇ ਹਾਣੀ ਹੋ ਜਾਂਦੇ

ਚੱਲ ! ਪਰਤ ਚੱਲੀਏ
ਉਸ ਤਾਂਬੇ-ਰੰਗੀ ਦੁਪਹਿਰ ਵੱਲ
ਜਦੋਂ ਤੇਰੀ ਸੱਜਰੀ ਪੈੜ ਦਾ ਰੇਤਾ
ਮੇਰੀ ਹਿੱਕ ਨਾਲ ਲੱਗ ਕੇ ਠੰਢਾ ਠਾਰ ਹੋ ਜਾਂਦਾ
ਤੇ ਮੈਂ ਤਪਦੇ ਥਲਾਂ ਵਿੱਚ
ਕਣੀਆਂ ਦੀ ਫ਼ਸਲ ਬੀਜ ਦਿੰਦੀ

ਚੱਲ ! ਪਰਤ ਚੱਲੀਏ
ਉਸ ਸੋਨ-ਸੁਨਹਿਰੀ ਸ਼ਾਮ ਵੱਲ
ਜਦੋਂ ਮੇਰੇ ਚਰਖੇ ਦੀ ਘੂਕਰ ਸੁਣ ਕੇ
ਤੂੰ ਸਾਲਮ ਦਾ ਸਾਲਮ ਪਹਾੜੀ ਜੋਗੀ ਹੋ ਜਾਂਦਾ
ਤੇ ਮੈਂ ਮੁਹੱਬਤ ਦੇ ਸਾਰੇ ਗਲੋਟੇ
ਤੇਰੇ ਕਰਮੰਡਲ ਵਿੱਚ ਪਾ ਦਿੰਦੀ

ਚੱਲ ! ਪਰਤ ਚੱਲੀਏ
ਉਸ ਸੁਰਮ-ਸਾਂਵਲੀ ਰਾਤ ਵੱਲ
ਜਦੋਂ ਛੱਤ 'ਤੇ ਲੇਟਿਆਂ, ਅਸਮਾਨ ਮੈਨੂੰ
ਸਲੇਟੀ ਕਾਗ਼ਜ਼ 'ਤੇ ਲਿਖਿਆ ਤੇਰਾ ਖ਼ਤ ਲੱਗਦਾ
ਤੇ ਮੈਂ ਤਾਰਿਆਂ ਦੇ ਹਰਫ਼ ਪੜ੍ਹਦੀ ਪੜ੍ਹਦੀ
ਏਨਾ ਲੰਮਾ ਖ਼ਤ ਲਿਖਣ ਵਾਲੇ ਤੇਰੇ ਹੱਥ ਟੋਲਦੀ ਰਹਿੰਦੀ

ਚੱਲ! ਪਰਤ ਚੱਲੀਏ
ਉਸ ਨੀਮ-ਗੁਲਾਬੀ ਸੁਬ੍ਹਾ ਵੱਲ
ਜਦੋਂ ਤੇਰੀਆਂ ਸੂਰਜੀ ਨਿਗਾਹਾਂ ਪੈਂਦਿਆਂ ਹੀ
ਮੇਰੇ ਪੂਣੀ-ਰੰਗੇ ਚਿਹਰੇ 'ਤੇ ਕਸੁੰਭੜਾ ਬਿਖਰ ਜਾਂਦਾ
ਤੇ ਮੇਰੀਆਂ ਸਾਰੀਆਂ ਟਹਿਣੀਆਂ ਉਤੇ
ਹਸਰਤਾਂ ਦੀਆਂ ਚਿੜੀਆਂ ਚਹਿਕਣ ਲੱਗਦੀਆਂ

ਕਿ ਜ਼ਿੰਦਗੀ ਤਾਂ ਉਹੀ ਹੁੰਦੀ ਹੈ
ਜਦੋਂ ਚਿੜੀਆਂ ਚਹਿਕਦੀਆਂ ਨੇ
ਕਿ ਜ਼ਿੰਦਗੀ ਤਾਂ ਉਹੀ ਹੁੰਦੀ ਹੈ
ਜਦੋਂ ਸਰਘੀਆਂ ਮਹਿਕਦੀਆਂ ਨੇ ।



## ਕੰਧ ਦੇ ਆਰੋਂ-ਪਾਰੋਂ ਖ਼ਤ

ਮੇਰੇ ਮੀਤ!
ਅੱਜ ਫਿਰ ਲਿਖ ਰਹੀ ਹਾਂ ਤੈਨੂੰ ਖ਼ਤ
ਬੜੇ ਵਰ੍ਹਿਆਂ ਬਾਅਦ
ਉਮਰ ਦੀ ਸੱਤ੍ਹਰਵੀਂ ਦਹਿਲੀਜ਼ 'ਤੇ ਬਹਿ ਕੇ
ਕਦੀ ਲਿਖਦੀ ਸਾਂ ਤੈਨੂੰ
ਕਾਪੀ 'ਚੋਂ ਪਾੜੇ ਕਾਗਤ ਉੱਤੇ
ਲਾਜਵਰੀ ਦਵਾਤ 'ਚੋਂ ਡੋਪ੍ਹੇ ਲਾ ਕੇ
ਲਾਲ-ਸ਼ਾਹੀ ਦੀ ਟਿੱਕੀ ਨਾਲ ਟਿਮ੍ਹਕਣੇ ਵਾਹ ਕੇ
'ਸਾਡਾ ਲੱਗਦਾ ਨੀ ਦਿਲ ਮਾਹੀਆ...'
ਵਰਗੇ ਟੱਪਿਆਂ ਨਾਲ ਸ਼ੁਰੂ ਕਰਕੇ।
ਹੁਣ ਤਾਂ ਬੱਸ
ਜਜ਼ਬਿਆਂ ਦਾ ਭੁਰਭੁਰਾ ਕਾਗਤ ਹੀ
ਚਿੱਠੀ ਬਣੇਗਾ ਮੇਰੀ
ਕਿ ਮੇਰੇ ਝੁਰੜੀਆਂ ਵਾਲੇ ਕੰਬਦੇ ਹੱਥਾਂ ਵਿੱਚ
ਹੁਣ ਕਲਮ ਤਾਂ ਕੀ
ਚਿਮਚਾ ਵੀ ਨਹੀਂ ਠਹਿਰਦਾ।

ਚੇਤੇ ਐ ?
ਕਦੀ ਆਪਣੇ ਮਾਂ-ਪਿਓ ਜਾਇਆਂ ਨੇ
ਆਪਾਂ ਦੋਹਾਂ ਵਿਚਾਲੇ ਖੜ੍ਹੀ ਕਰ ਦਿੱਤੀ ਸੀ
ਕੁਤਬ-ਮੀਨਾਰੀ ਕੰਧ
ਤੇ ਆਪਾਂ ਸੱਜੇ-ਖੱਬੇ ਹੱਥ ਦੀ ਕਰਿੰਘੜੀ ਪਾ ਕੇ
ਇੱਕੋ ਛਲਾਂਗ ਨਾਲ
ਉਹ ਕੰਧ ਟੱਪ ਲਈ ਸੀ
ਤੇ ਜ਼ਿੰਦਗੀ ਦੇ ਆਂਗਣ ਵਿੱਚ ਉੱਤਰ ਗਏ ਸਾਂ।

ਹੁਣ...
ਆਪਣੇ ਕੁੱਖੋਂ ਜਾਇਆਂ ਨੇ
ਵੰਡ ਕੇ ਆਪਾਂ ਦੋਵਾਂ ਨੂੰ
ਵਿਹੜੇ ਵਿਚਾਲੇ ਖੜ੍ਹੀ ਕਰ ਲਈ ਐ
ਦੁਸ਼ਮਣੀ ਦੀਆਂ ਇੱਟਾਂ-ਚਿਣੀ ਕੰਧ
ਹਾਂ ਹੁਣ.....
ਜਦੋਂ ਆਪਣੀ
ਕੰਧਾਂ-ਕੌਲੇ ਟੱਪਣ ਦੀ ਉਮਰ ਹੀ ਨਹੀਂ ਰਹੀ
ਅੜਿਆ! ਵਿਚਾਲੇ ਮੋਰੀ ਵੀ ਨੀ ਰੱਖੀ
ਕਿ ਮੈਂ ਆਪਣੀ ਖੂੰਡੀ ਦੇ ਸਹਾਰੇ
ਡਿੱਗਦੀ ਢਹਿੰਦੀ
ਸਾਰਿਆਂ ਦੀ ਨਜ਼ਰ ਬਚਾ ਕੇ
ਤੇਰੀ ਇੱਕ ਝਲਕ ਹੀ ਦੇਖ ਸਕਾਂ!

ਮੇਰੇ ਮਹੀਂਵਾਲ!
ਇਹ ਕੰਧ ਐ ਕਿ ਕੋਈ ਝਨਾਂ ?
ਜਿਹਦੇ ਵਿੱਚ ਠਿੱਲ੍ਹਣ ਤੋਂ ਪਹਿਲਾਂ ਹੀ
ਤੇਰੀ ਸੋਹਣੀ ਕੱਚੇ ਘੜੇ ਵਾਂਗ ਖੁਰੀ ਪਈ ਐ
ਕਦੀ ਬੀਹੀ ਵਿੱਚ ਤੇਰਾ ਲੁਕਵਾਂ ਜਿਹਾ ਖੰਘੂਰਾ ਸੁਣ ਕੇ
ਮੇਰੀਆਂ ਜੰਜੀਰੀਦਾਰ ਪਟੜੀਆਂ ਦੀ ਛਣ-ਛਣ
ਡਿਊਢੀ ਦੇ ਦਰਾਂ ਤੱਕ ਪਹੁੰਚ ਜਾਂਦੀ ਸੀ
ਤੇ ਕੱਲ੍ਹ ਤੇਰੇ ਲਗਾਤਾਰ ਖੰਘਣ ਦੀ 'ਵਾਜ ਸੁਣ ਕੇ ਵੀ
ਮੈਂ ਵਾਣ ਦੀ ਟੁੱਟੀ ਮੰਜੀ ਉੱਤੇ
ਸਿੱਲ-ਪੱਥਰ ਵਾਂਗੂੰ ਗੱਡੀ ਬੈਠੀ ਰਹੀ
ਨਾ ਤੇਰਾ ਔਖੂ ਕਾਬੂ ਵਿੱਚ ਆਉਂਦਾ ਸੀ
ਨਾ ਸੁਣ ਸੁਣ ਕੇ ਡਿੱਕ-ਡੋਲੇ ਖਾਂਦਾ ਮੇਰਾ ਕਾਲਜਾ



ਮੈਂ ਏਧਰ ਆਪਣੇ ਕਾਲਜੇ ਨੂੰ ਘੁੱਟਦੀ ਰਹੀ
ਤੂੰ ਓਧਰ ਆਪਣੀ ਛਾਤੀ ਮਲ਼ਦਾ ਰਿਹਾ ਹੋਏਂਗਾ
ਕਿੰਨੇ ਹੀ ਚਿਰ ਪਿੱਛੋਂ
ਤੇਰੇ ਨੇੜੇ ਗਲਾਸ ਜਿਹਾ ਪਟਕਣ ਦੀ ਖਣਕਾਰ ਹੋਈ
"ਲੈ ਫੜ! ਪਾਣੀ ਡੰਮ੍ਹ ਲੈ......"
ਮੈ ਤੈਨੂੰ ਪਾਣੀ ਦਾਨ ਕਰਨ ਵਾਲੇ ਕੁਰੱਖਤ ਬੋਲ ਨੂੰ
ਲੱਖ ਲੱਖ 'ਸੀਸਾਂ ਦਿੱਤੀਆਂ
ਅੜਿਆ! ਹੁਣ ਪਤਾ ਲੱਗਿਐ ਸਹੀ ਅਰਥਾਂ ਵਿੱਚ
ਕਿ ਕਿੰਨਾ ਅਹਿਮ ਹੈ ਦੁਨੀਆਂ 'ਤੇ
ਅੰਨ ਪਾਣੀ ਦਾ ਮਸਲਾ
ਦਿਲ ਨੇ ਜਿਹੜੀਆਂ ਦੋ ਜਿੰਦਾਂ ਨੂੰ ਮਿਲਾਇਆ ਸੀ
ਵੈਰੀ ਢਿੱਡ ਨੇ ਉਹਨਾਂ ਨੂੰ ਜੁਦਾ ਕਰ ਦਿੱਤਾ।

ਪਰ ਅਜੇ ਵੀ ਉਮੀਦ ਦੀ ਇੱਕ ਕਿਰਨ ਤਾਂ ਜਿਉਂਦੀ ਹੈ
ਖੌਰੇ ਕਿਸੇ ਵਿਆਹ-ਮਰਨੇ 'ਤੇ ਮਿਲ ਪਈਏ!
ਚੰਗਾ ਬੱਸ ਕਰਦੀ ਹਾਂ
ਕੋਈ ਪੈੜ-ਚਾਲ ਸੁਣੀਂਦੀ ਐ
ਸ਼ਾਇਦ ਇਸ ਘਰ ਦੀ ਰਾਣੀ ਆ ਰਹੀ ਹੈ
ਕਹੂਗੀ, "ਕੱਲੀ ਕੀ ਬੁੜ-ਬੁੜ ਕਰੀ ਜਾਨੀ ਐਂ ?"
ਬਾਕੀ ਫਿਰ ਕਦੇ..........

ਤੇਰੀ,
ਸਿਰਫ ਤੇਰੀ

## ਪਰਲੇ ਪਾਰੋਂ ਖ਼ਤ

ਮੇਰੀਏ ਕਮਲ਼ੀਏ!
ਅਜੇ ਤੱਕ ਆਦਤ ਨਾ ਗਈ ਤੇਰੀ
ਦੂਜਿਆਂ ਦੇ ਸੇਕ ਵਿੱਚ ਆਪਣੀ ਜਿੰਦ ਤਪਾਉਣ ਦੀ
ਯਾਦ ਈ ?
ਜਦੋਂ ਆਪਣੇ ਨਿੱਕੇ ਨਿੱਕੇ ਫੁੱਲਾਂ ਦੇ
ਫੁੱਲ ਦੀ ਸੱਟ ਵੀ ਵੱਜਦੀ
ਤਾਂ ਤੇਰੇ ਕਾਲਜੇ 'ਚੋਂ ਹੌਲ ਦੇ ਗੋਲ਼ੇ ਉੱਠਣ ਲੱਗ ਪੈਂਦੇ
ਮੈਂ ਕਿੰਨਾ ਕਿੰਨਾ ਚਿਰ ਤੇਰਾ ਕਾਲਜਾ ਦੱਬ ਕੇ
ਸਾਹ ਟਿਕਾਣੇ ਲਿਆਉਂਦਾ
ਤੇ ਤੂੰ ਹੁਣ ਵੀ.....?
ਝੱਲੀਏ! ਸਿਆਣੀ ਬਣ
ਹੁਣ ਤਾਂ ਕੰਬਦੇ ਡੋਲਦੇ ਹੱਥਾਂ ਨਾਲ
ਇਹ ਹੌਲਾਂ ਦੇ ਵਾਵਰੋਲੇ
ਤੈਨੂੰ ਆਪ ਈ ਸਾਂਭਣੇ ਪੈਣੇ ਨੇ।

ਤੇਰੇ ਮੇਰੇ ਵਿਚਾਲੇ ਇਹ ਕੰਧ ਨਹੀਂ
ਮੇਰੀਏ ਸ਼ੀਂਗੀਏ!
ਇਹ ਤਾਂ ਪਰਬਤ ਐ ਕੋਈ
ਜਿਹਨੂੰ ਤੋੜਨ ਵਾਲਾ ਤੇਸਾ
ਤੇਰੇ ਫਰਹਾਦ ਦੇ ਮੱਥੇ ਨੂੰ ਹੀ ਖੱਖੜੀ ਕਰ ਗਿਐ।
ਪਰ ਸ਼ੁਕਰ ਕਰ ਕਰਮਾਂ ਵਾਲੀਏ!
ਇਸ ਪਾਰੋਂ ਤੈਨੂੰ ਮੇਰੇ ਖੰਘਦੇ ਦੀ 'ਵਾਜ ਤਾਂ ਸੁਣਦੀ ਐ
ਉਸ ਪਾਰੋਂ ਤੇਰੀ ਖੂੰਡੀ ਦੀ ਠੱਕ ਠੱਕ
ਤੇਰੇ ਕੋਲ ਕੋਲ ਹੋਣ ਦਾ ਧਰਵਾਸ ਤਾਂ ਦਿੰਦੀ ਐ



ਰਤਾ ਉਹਨਾਂ ਦੀ ਵੇਦਨ ਪੜ੍ਹ!
ਜਿਹੜੇ ਵੱਖ ਵੱਖ ਸ਼ਹਿਰਾਂ ਦੀ ਵਲਗਣ ਵਿੱਚ
ਤਾੜੇ ਹੋਏ ਵਿਲਕ ਰਹੇ ਨੇ।

ਤੂੰ ਕੰਧ ਵਿਚਲੀ ਮੋਰੀ ਦਾ ਝੋਰਾ ਕਾਹਤੋਂ ਕਰਦੀ ਐਂ ?
ਚੱਲ ਆਪਾਂ ਅੱਜ ਤੋਂ
ਰੋਜ਼ ਰਾਤੀਂ ਚੜ੍ਹਦੇ ਚੰਦ ਨੂੰ ਦੇਖਿਆ ਕਰਾਂਗੇ
ਕਦੇ ਪੂਰੀ, ਕਦੇ ਅੱਧੀ ਰੋਟੀ ਵਰਗਾ ਚੰਦ
ਅਜੇ ਤਾਂ ਧੁੰਧਲਾ ਧੁੰਧਲਾ ਦਿਸਦਾ ਈ ਐ ਨਾ ਆਪਾਂ ਨੂੰ
ਮੋਰੀ ਵਿੱਚ ਦੀ ਨਾ ਸਹੀ
ਚੰਦ ਦੇ ਵਿੱਚ ਦੀ
ਇੱਕ ਦੂਜੇ ਨੂੰ ਦੇਖ ਕੇ
ਜਗ ਪਿਆ ਕਰਨਗੀਆਂ
ਆਪਣੀਆਂ ਬੁਝੂੰ ਬੁਝੂੰ ਕਰਦੀਆਂ ਅੱਖਾਂ।

ਚੰਗਾ ਬੰਦ ਕਰਦਾਂ ਮੈਂ ਵੀ
ਕੋਈ ਪੈੜ-ਚਾਲ ਸੁਣੀਂਦੀ ਐ
ਆਪਣੇ ਵੱਡੇ ਲਾਡਲੇ ਦੇ ਲਾਡਲੇ
ਆਉਂਦੇ ਹੋਣੇ ਨੇ ਖੇਡ ਕੇ
ਅੱਜ ਮੈਂ ਮਲਕੜੇ ਜਿਹੇ ਨੇੜਿਉਂ ਲੰਘਦਿਆਂ ਨੂੰ
ਬਾਂਹ ਖਿੱਚ ਕੇ ਕੋਲ ਬਿਠਾਉਣਾ ਹੈ
ਤੇ ਉਸ ਪਰੀ ਦੀ ਬਾਤ ਸੁਣਾਉਣੀ ਹੈ
ਜਿਹਨੂੰ ਕੈਦ 'ਚੋਂ ਛੁਡਾਉਣ ਵਾਲੇ ਸ਼ਹਿਜ਼ਾਦੇ ਦਾ ਚਿੱਟਾ ਘੋੜਾ
ਘਾਹ ਦੀ ਤਲਾਸ਼ ਵਿੱਚ ਨਿੱਕਲਿਆ
ਦੂਰ ਕਿਸੇ ਜੰਗਲ ਵਿੱਚ ਗੁਆਚ ਗਿਆ ਹੈ
ਦੂਰ ਕਿਸੇ ਜੰਗਲ ਵਿੱਚ ਗੁਆਚ ਗਿਆ ਹੈ।

## ਧੀਆਂ ਦੇ ਚੰਦ-ਸੂਰਜ

ਧੀਆਂ ਲਈ ਬਾਪ ਸੂਰਜ ਹੁੰਦਾ
ਉਭੜ-ਖਾਭੜ ਰਾਹਾਂ ਵਿੱਚ ਲੋਅ ਵਿਛਾਉਂਦਾ
ਪੱਬੀਂ ਉੱਕਰੇ ਸਫ਼ਰ ਨੂੰ ਊਰਜਾ ਦਿੰਦਾ
ਕਕਰੀਲੇ ਸਿਆਲਾਂ ਵਿੱਚ
ਕੋਸੀ ਕੋਸੀ ਧੁੱਪ ਜਿਹਾ
ਤੇ ਕਦੀ ਕਦੀ ਜੇਠ ਹਾੜ੍ਹ ਦੀ
ਤਿੱਖੜ ਦੁਪਹਿਰ ਵਰਗਾ ਵੀ
ਜਿਹਦੇ ਧੁਰ ਅੰਦਰ ਧੀਆਂ ਲਈ
ਸਾਵੀ ਛਾਂ ਦਾ ਸੁਫ਼ਨਾ ਬੀਜਿਆ ਹੁੰਦਾ
ਤੇ ਇੱਕ ਦਿਨ
ਕਿਰਨਾਂ ਦੀ ਪੰਡ
ਧੀਆਂ ਦੇ ਸਿਰ 'ਤੇ ਧਰ ਕੇ
ਕਿਸੇ ਦੂਰ ਦੇਸ ਵੱਲ ਤੋਰ ਦਿੰਦਾ

ਧੀਆਂ ਲਈ ਮਾਂ ਚੰਦ ਹੁੰਦੀ
ਮੱਚਦੇ ਸਿਰ 'ਤੇ ਰਿਸ਼ਮਾਂ ਦਾ ਸ਼ਾਮਿਆਨਾ ਤਾਣਦੀ
ਪਾਤਲੀਆਂ ਦੇ ਛਾਲਿਆਂ ਲਈ ਚੰਦਨ ਦਾ ਲੇਪ ਬਣਦੀ
ਟਸਟਸ ਕਰਦੇ ਅੱਟਣਾਂ ਲਈ ਸ਼ਹਿਦ-ਭਿੰਨਾ ਚੁੰਮਣ
ਸਾਹ-ਸੂਤਣੀਆਂ ਕਾਲੀਆਂ ਰਾਤਾਂ ਵਿੱਚ
ਗੋਰੀ ਗੋਰੀ ਚਾਨਣੀ ਜਿਹੀ
ਤੇ ਕਦੀ ਕਦੀ ਗੁੰਗੇ ਸਾਧ ਦੀ ਕੁਟੀਆ ਵਰਗੀ ਵੀ
ਜਿਹਦੇ ਅੰਦਰ ਧੀਆਂ ਦੀਆਂ 'ਸੱਤੇ ਖੈਰਾਂ' ਲਈ
ਧੂਣੀ ਮਘਦੀ ਰਹਿੰਦੀ
ਤੇ ਇੱਕ ਦਿਨ
ਮਾਂ ਬਣਨ ਦਾ ਵਰਦਾਨ
ਧੀਆਂ ਦੇ ਮੱਥੇ 'ਤੇ ਧਰ ਕੇ
ਕਿਸੇ ਦੂਰ ਦੇਸ ਵੱਲ ਤੁਰ ਜਾਂਦੀ।



## ਚਿਹਰੇ ਦਾ ਅਖ਼ਬਾਰ

ਪੜ੍ਹਦੀ ਨਹੀਂ ਕਦੇ ਵੀ ਜਿਸਨੂੰ ਵਕਤ ਦੀ ਸਰਕਾਰ ਹੈ
ਲੈ ਪੜ੍ਹ ਲਿਆ ਸੱਜਣਾ! ਮੈਂ ਤੇਰੇ ਚਿਹਰੇ ਦਾ ਅਖ਼ਬਾਰ ਹੈ

ਮੱਥੇ 'ਤੇ ਖ਼ਬਰਾਂ ਗੂੜ੍ਹੀਆਂ ਧੁਖਦੇ ਨਸੀਬਾਂ ਵਾਲੀਆਂ
ਚੰਦ-ਚਾਨਣੀ ਦੀ ਸੇਜ 'ਤੇ ਉੱਗੀਆਂ ਸਲੀਬਾਂ ਵਾਲੀਆਂ
ਰੀਝਾਂ ਜੋ ਬੀਰ-ਵਹੁਟੀਆਂ, ਜਬਰਾਂ ਦੇ ਰਥ ਨੇ ਮਿੱਧੀਆਂ
ਅਣਹੋਣੀਆਂ ਨੇ ਖਿੱਚੀਆਂ ਲੀਕਾਂ ਨੇ ਪੁੱਠੀਆਂ-ਸਿੱਧੀਆਂ
ਮਸਤਕ ਉੱਤੇ ਤਣ ਗਿਆ ਜੋ ਝੁਰੜੀਆਂ ਦਾ ਜਾਲ਼ ਹੈ
ਇਹ ਤੇਰਾ 'ਕੱਲੇ ਦਾ ਨਹੀਂ, ਇਹ ਹਰ ਕਿਸੇ ਦਾ ਹਾਲ ਹੈ

ਸਿਵਿਆਂ ਦੀ ਪਾਉਂਦੇ ਬਾਤ ਨੇ ਅੱਖਾਂ ਦੇ ਕਾਲੇ ਹਾਸ਼ੀਏ
ਇਹ ਸੁਫ਼ਨਿਆਂ ਦੀ ਕਬਰ 'ਤੇ ਖਿੱਚੇ ਨਿਰਾਲੇ ਹਾਸ਼ੀਏ
ਵਿੱਚ ਤਰ ਰਹੇ ਜੋ ਅੱਥਰੂ, ਮੌਸਮ ਦਾ ਦੱਸਦੇ ਹਾਲ ਨੇ
ਏਥੇ ਸਦਾ ਬਾਰਿਸ਼ ਰਹੇ, ਅੰਦਰ ਸਦਾ ਭੁਚਾਲ ਨੇ
ਪਾਣੀ ਦੇ ਪਰਦੇ ਵਿਚੋਂ ਪਰ ਹੈ ਜਗਮਗਾਉਂਦੀ ਰੌਸ਼ਨੀ
ਇਹ ਚਮਕਦੀ ਹੈ,ਲਿਸ਼ਕਦੀ ਹੈ,ਗੁਣਗੁਣਾਉਂਦੀ ਰੋਸ਼ਨੀ

ਗੱਲ੍ਹਾਂ ਦੇ ਵਿੱਚ ਟੋਏ ਨੇ, ਤੰਗੀਆਂ ਤੁਰਸ਼ੀਆਂ ਦੇ ਮੇਚ ਦੇ
ਲੁੱਟਾਂ ਦੇ, ਖੋਹਾਂ ਦੇ, ਉੱਜੜੀਆਂ ਬਸਤੀਆਂ ਦੇ ਮੇਚ ਦੇ
ਵਕਤਾਂ ਨੇ ਖਾਧਾ ਮਾਸ ਜੋ, ਇਹ ਉਹਦੀਆਂ ਇਬਾਰਤਾਂ
ਪਰ ਮਾਰਨ ਸੂਹੀ-ਭਾਹ ਕਿਤੇ, ਕੱਚ-ਉਮਰੀਆਂ ਸ਼ਰਾਰਤਾਂ
ਜਿਉਂ ਅਣਲਿਖੀ ਕਵਿਤਾ ਕੋਈ ਚਿਹਰੇ 'ਤੇ ਛਪਣਾ ਚਾਹ ਰਹੀ
ਜਿਉਂ ਗੋਰੀ ਆ ਕੇ ਮੇਲਿਉਂ, ਕੰਨਾਂ 'ਚੋਂ ਬੁੰਦੇ ਲਾਹ ਰਹੀ

ਹੋਂਠਾਂ 'ਤੇ ਲੱਗੀਆਂ ਸੁਰਖੀਆਂ ਨੇ, ਜਿੱਤੀਆਂ ਜੰਗਾਂ ਦੀਆਂ
ਵਿਸਥਾਰ ਵਿੱਚ ਨੇ ਸਿਸਕੀਆਂ ਪਰ, ਟੁੱਟੀਆਂ ਵੰਗਾਂ ਦੀਆਂ
ਦਿਲ ਦੇ ਪਹਾੜੀਂ ਹਉਕਿਆਂ ਦੀ ਚਾਂਦਮਾਰੀ ਹੋ ਰਹੀ
ਵਾਅਦੇ ਜੋ ਰਹਿ ਗਏ ਪੁੱਗਣੋ, ਉਹਨਾਂ ਦੀ ਗਾਥਾ ਛੋਹ ਰਹੀ
ਪਰ ਕਿਤੇ ਕਿਤੇ ਮੁਸਕਾਨ ਵੀ ਖਿੜਦੀ ਮਜੀਠ ਰੰਗ ਦੀ
ਪਹਿਲੇ ਵਸਲ ਦੇ ਜ਼ਿਕਰ 'ਤੇ, ਜਿਉਂ ਸਜ-ਮੁਕਲਾਈ ਸੰਗਦੀ

ਤੋਰ ਵਿੱਚ ਭਟਕਣ ਕੋਈ , ਰਾਹਾਂ ਦਾ ਰੇਤਾ ਛਾਣਦੀ
ਹਰ ਅੰਗ 'ਤੇ ਲੱਗੀ ਖ਼ਬਰ, ਸਭ ਕੁਝ ਗੁਆਚ ਜਾਣ ਦੀ
ਠੋਡੀ ਜਿਉਂ ਚੂਪੀ ਗਿਟ੍ਹਕ ਹੈ, ਸਾਰੀ ਕਹਾਣੀ ਖੋਲ੍ਹਦੀ
'ਜ਼ਿੰਦਗੀ ਹੈ ਅੰਬੀ ਗੁੰਮਸ਼ੁਦਾ..ਭਾਲੋ ਕੋਈ' ਇਹ ਬੋਲਦੀ
ਚਾਹੇ ਇਹ ਅੰਤਿਮ ਖ਼ਬਰ ਹੈ, ਪਰ ਏਹੀ ਤਾਂ ਆਗਾਜ਼ ਹੈ
ਅੰਦਰ ਏਸੇ ਗਿਟ੍ਹਕ ਦੇ ਹੀ, ਅੰਬੀਆਂ ਦਾ ਬਾਗ਼ ਹੈ ।



## ਕੋਈ ਹਰਿਆ ਬੂਟ ਰਹਿਓ ਰੀ....

ਧੁੰਦ ਵਿੱਚ ਗੁਆਚੀਆਂ ਚੌਹਾਂ ਕੂੰਟਾਂ ਨੂੰ
ਚਿੰਤਨ ਦੀਆਂ ਖੜਾਵਾਂ ਪਾ ਕੇ ਗਾਹੁਣ ਵਾਲਿਆ
ਗੁਰੂ ਨਾਨਕ ਪਾਤਸ਼ਾਹ!
ਤੇਰੇ ਪਾਵਨ ਚਰਨ-ਕੰਵਲਾਂ ਦੀ ਸਹੁੰ
ਅਸੀ ਤੇਰੇ ਸੱਚ ਨਾਲੋਂ ਆਪਣਾ ਸਾਕ ਕਦੋਂ ਦਾ ਤੋੜ ਲਿਆ ਹੈ

ਬਾਬਲ ਦੀਆਂ ਝਿੜਕਾਂ ਦੀ ਕੁੜਿੱਤਣ ਪੀ ਕੇ
ਭੁੱਖਿਆਂ ਢਿੱਡਾਂ ਦਾ ਰੱਜ ਬਣਨ ਵਾਲਿਆ
ਸੱਚੇ-ਸੌਦੇ ਦੇ ਵਪਾਰੀਆ!
ਆ ਦੇਖ.....
ਅਸੀਂ ਤਾਂ ਤੇਰੇ ਨਾਂ ਦਾ ਹੀ ਵਪਾਰ ਕਰਨ ਲੱਗ ਪਏ ਹਾਂ
ਅਸੀਂ ਦੂਰ ਕਿਧਰੇ ਵਗਾਹ ਮਾਰੀ ਹੈ ਕੋਧਰੇ ਦੀ ਰੋਟੀ
ਤੇ ਹੁਣ ਲਹੂ ਚੋਂਦੀਆਂ ਪੂਰੀਆਂ ਦਾ ਸੁਆਦ
ਸਾਨੂੰ ਮਾਸ-ਖੋਰੇ ਹੀ ਨਹੀਂ ਆਦਮ-ਖੋਰੇ ਵੀ ਬਣਾ ਰਿਹੈ

ਇਕੀਵੀਂ ਸਦੀ ਦੀ ਤੇਜ਼ ਰਫਤਾਰ ਵਿੱਚ
ਵਾਹੋ-ਦਾਹੀ ਭੱਜਦਿਆਂ
ਅਸੀਂ ਫੂਕ ਮਾਰ ਕੇ ਉਡਾ ਛੱਡੀਆਂ ਨੇ
ਨਾਮ-ਜਪਣ ਦੀਆਂ ਤੇਰੀਆਂ ਸੱਚ-ਖੰਡੀ ਪੁੜੀਆਂ
ਕਿਰਤ ਕਰਨ ਦੀਆਂ ਰੱਬੀ-ਸਲਾਹਾਂ
ਵੰਡ ਛਕਣ ਦੇ ਨੂਰੀ-ਮਸ਼ਵਰੇ

ਪਰ ਅਸੀਂ ਤੈਨੂੰ ਯਾਦ ਬਹੁਤ ਕਰਦੇ ਹਾਂ
ਅਸੀਂ ਤੇਰਾ ਗੁਰਪੁਰਬ ਵੀ ਮਨਾਉਂਦੇ ਹਾਂ
ਸਵਾਰਥਾਂ-ਲੱਦੀ ਜੀਭ ਨਾਲ
ਤੇਰਾ ਨਾਮ ਵੀ ਲੈਂਦੇ ਹਾਂ
ਤੇਰਾ ਸ਼ਬਦ ਵੀ ਪੜ੍ਹਦੇ ਹਾਂ
ਪਰ ਉਸ ਦੇ ਅਰਥਾਂ ਦੇ ਆਗਮਨ ਲਈ
ਆਪਣੀ ਚੇਤਨਾ ਦੇ ਦਰੀਚੇ ਕਦੀ ਨਹੀਂ ਖੋਲ੍ਹਦੇ
ਦੀਨ-ਦੁਖੀਆਂ ਦੀ ਮੱਦਦ ਦੇ ਵਿਖਾਵੇ ਵੀ ਕਰਦੇ ਹਾਂ
ਪਰ ਮਾਇਆ ਦੇ ਭਰਮਾਏ
ਆਪਣਿਆਂ ਲਈ ਹੀ ਸੰਖੀਏ ਦੀ ਡਲੀ ਬਣ ਜਾਂਦੇ ਹਾਂ

'ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ'
ਉਚਰਨ ਵਾਲਿਆ!
ਅਸੀਂ ਮੰਦਾ ਆਖਦੇ ਹੀ ਨਹੀਂ
ਮੰਦਾ ਕਰਦੇ ਵੀ ਹਾਂ
ਕੁੜੀਆਂ ਨੂੰ ਕੁੱਖ ਵਿੱਚ ਵੀ ਮਾਰ ਦਿੰਦੇ ਹਾਂ, ਜੰਮਣ ਤੋਂ ਬਾਅਦ ਵੀ
ਜੇ ਕਿਤੇ ਬਚ ਜਾਣ
ਤਾਂ ਦਾਜ ਲਈ ਜਲਾ ਦਿੰਦੇ ਹਾਂ



ਅਸੀਂ ਹੀ ਨਿਰਦਈ ਬਾਬਰ ਹਾਂ
ਅਸੀਂ ਹੀ ਰਾਖਸ਼ ਕੌਡੇ ਹਾਂ
ਅਸੀਂ ਹੀ ਠੱਗ ਸੱਜਣ ਹਾਂ
ਤੇ ਅਸੀਂ ਉਹ ਸਾਰੇ ਹਾਂ
ਜਿਹਨਾਂ ਦੇ ਅੰਦਰ ਦੀ ਕਾਲਖ ਨੂੰ
ਚਾਨਣ ਦੀ ਟਿੱਕੀ ਨਾਲ ਧੋਣ ਲਈ
ਤੂੰ ਆਪਣੀਆਂ ਹਥੇਲੀਆਂ 'ਤੇ
ਚੌ-ਮੁਖੀਏ ਦੀਵੇ ਬਾਲ ਕੇ
ਉਦਾਸੀਆਂ ਦੇ ਸਿਰਨਾਵੇਂ ਫੜੇ ਸਨ
ਕਦੀ ਆਵੇਂ ਤਾਂ ਦੇਖੇਂ!
ਸਾਡੀ ਦੇਹੀ ਦੇ ਮਕਾਨ ਵਿੱਚ
ਕੂੜ-ਅਮਾਵਸ ਦਾ ਕਬਜ਼ਾ ਹੈ

ਪਰ ਫਿਰ ਵੀ ਤੇਰੀ ਬਾਣੀ ਦੀ ਜਗਮਗਾਹਟ
ਬੰਦ ਕੋਠੜੀਆਂ ਦੇ ਝਰੋਖਿਆਂ ਵਿੱਚੋਂ
ਸਾਡੇ ਅੰਦਰ ਝਾਕ ਰਹੀ ਹੈ
ਕੋਈ ਹਰਿਆ ਬੂਟ
ਮੱਚਦੀਆਂ ਰੋਹੀਆਂ ਨੂੰ
ਹਰਿਔਲ ਦੇ ਰਿਹਾ ਹੈ
ਤੇ ਤੇਰਾ ਇਲਾਹੀ ਸ਼ਬਦ
ਸਾਡੀਆਂ ਭਟਕਾਰਾਂ ਵਿੱਚ
ਸਕੂਨ ਦੀ ਰਬਾਬ ਛੇੜ ਰਿਹਾ ਹੈ।

## ਸ਼ਹੀਦਾਂ ਦੇ ਸਿਰਤਾਜ ਨੂੰ

ਸ਼ਹੀਦਾਂ ਦੇ ਸਿਰਤਾਜ ਸਤਿਗੁਰੂ !

ਅਜੇ ਤੱਕ ਸ਼ਰਮਿੰਦਾ ਹੈ
ਉਹ ਤੱਤੀ ਤਵੀ
ਜਿਹੜੀ ਤੈਨੂੰ ਲੂਹਣ ਖਾਤਿਰ
ਲੋਹੀ-ਲਾਖੀ ਹੋ ਗਈ।

ਅਜੇ ਤੱਕ ਮਰਨ-ਮਿੱਟੀ ਹੈ
ਉਹ ਕੱਕੀ ਰੇਤ
ਜਿਹੜੀ ਅੱਗ ਦੀ ਸਰਕਦੀ ਚਾਦਰ ਵਾਂਗ
ਤੇਰੇ ਦਵਾਲੇ ਲਪੇਟੀ ਗਈ।

ਅਜੇ ਤੱਕ ਪਾਣੀ-ਪਾਣੀ ਨੇ
ਉਹ ਉਬਲਦੇ ਪਾਣੀ
ਜਿਹੜੇ ਆਪਣੀ ਤਾਸੀਰ ਦੀ
ਰਾਖੀ ਨਾ ਕਰ ਸਕੇ

ਤੇ ਤੇਰੇ ਬਦਨ ਦੀ ਭਖਦੀ ਭੱਠੀ ਵਿੱਚ
ਛਾਲੇ ਪਤਾਸਿਆਂ ਵਾਂਗ ਖਿੜ ਗਏ
ਅਤੇ ਤੂੰ ਸਾਰੇ ਜਹਾਨ ਨੂੰ ਵਰਤਾਅ ਦਿੱਤੀਆਂ
ਠੰਢੀਆਂ ਮਿੱਠੀਆਂ ਛਬੀਲਾਂ



ਤਹਿਜ਼ੀਬ ਨੇ ਕਦੀ ਦੇਖਿਆ ਨਾ ਸੁਣਿਆ
ਇਮਤਿਹਾਨ ਦਾ ਇਹੋ ਜਿਹਾ ਪਰਚਾ
ਜਿਸ ਵਿੱਚ ਇਕੱਲਾ ਤੂੰ ਪਾਸ ਹੋਇਆ
ਤੇ ਸਾਰੇ ਤਸੀਹੇ ਫੇਲ੍ਹ ਹੋ ਗਏ

ਤੇ ਫੇਲ੍ਹ ਹੋ ਗਏ ਤੇਰੇ ਨਾਮ-ਲੇਵਾ
ਜਿਹਨਾਂ ਨੂੰ ਅਜੇ ਤੱਕ ਨਾ ਸਿਦਕ ਆਇਆ
ਨਾ ਸਬਰ ਆਇਆ
ਨਾ ਭਾਣਾ ਮੰਨਣ ਦਾ ਹੁਨਰ ਆਇਆ ।

## ਗੁਜਰੀ...

ਇੱਕ ਗੁਜਰੀ ਹੁੰਦੀ ਹੈ ਜਿਹਦੀ ਮਿੱਟੀ ਚੀਕਣੀ
ਕਲਾਕਾਰ ਹੱਥਾਂ ਦੀ ਸਿਰਜੀ
ਹੁਨਰਾਂ ਨਾਲ ਤਰਾਸ਼ੀ ਹੋਈ
ਅੱਗ ਦੇ ਆਵੇ ਪੱਕੀ ਹੋਈ
ਰੰਗ ਰੋਗਨ ਦੇ ਨਾਲ ਲਿਸ਼ਕਦੀ
ਸੁਰਮ-ਸੁਰਾਹੀਆਂ ਅੱਖਾਂ ਵਾਲੀ
ਲਾਲ-ਯਕੂਤੀ ਹੋਂਠਾਂ ਵਾਲੀ
ਸਿਰ 'ਤੇ ਰੰਗਲੀ ਮਟਕੀ ਚੁੱਕੀ
ਡਰਾਇੰਗਰੂਮ ਦੀ ਬਣੇ ਸਜਾਵਟ
ਜਾਂ ਬਾਲਾਂ ਦਾ ਖੇਡ ਖਿਡੌਣਾ

ਇੱਕ ਗੁਜਰੀ ਹੁੰਦੀ ਹੈ
ਜਿਹਦੀ ਮਿੱਟੀ ਮਾਸ ਦੀ
ਵਸਲ-ਪਲਾਂ ਦੀ ਸਿਰਜੀ ਹੋਈ
ਕੁੱਖ ਦੇ ਆਵੇ ਪੱਕੀ ਹੋਈ
ਜੋਬਨ ਦੀ ਧੁੱਪ ਨਾਲ ਲਿਸ਼ਕਦੀ
ਸੁਪਨੀਲੇ ਜਹੇ ਨੈਣਾਂ ਵਾਲੀ
ਗ਼ਜ਼ਲਾਂ ਵਰਗੇ ਹੋਂਠਾਂ ਵਾਲੀ
ਸੱਤ ਰੰਗਾਂ ਦਾ ਪਹਿਨ ਕੇ ਲਹਿੰਗਾ
ਸਿਰ 'ਤੇ ਦੁੱਧ ਦੀ ਮਟਕੀ ਚੁੱਕੀ
ਹੋਕਾ ਦਿੰਦੀ ਗਲੀ ਗਲੀ



ਉਂਜ ਤਾਂ ਹੁੰਦੀਆਂ ਨੇ
ਸਭ ਕੁੜੀਆਂ ਹੀ ਗੁਜਰੀਆਂ
ਅੰਮੜੀ ਦੀਆਂ ਸੋਨੇ ਦੀਆਂ ਤਾਰਾਂ
ਕੂ-ਕੂ ਕਰਦੀਆਂ ਕੋਇਲਾਂ ਜਿਹੀਆਂ
ਖੱਟੀਆਂ ਮਿੱਠੀਆਂ ਗੋਲ੍ਹਾਂ ਜਿਹੀਆਂ
ਬਾਗ਼ ਦੀਆਂ ਹਿਰਨੋਟੀਆਂ
ਘਰ ਘਰ ਖੇਡਣ ਵਾਲੀ ਰੁੱਤ ਤੋਂ
ਘਰ ਬਣਾਉਣ ਦੇ ਮੌਸਮ ਤੀਕਰ
ਸਿਰ ਸੱਧਰਾਂ ਦੀ ਮਟਕੀ ਚੁੱਕੀ
ਮਟਕ ਮਟਕ ਕੇ ਤੁਰਦੀਆਂ

ਪਰ ਉਹ ਗੁਜਰੀ ਕੇਹੀ ਗੁਜਰੀ ਸੀ ?
ਚਮਤਕਾਰੀ ਮਿੱਟੀ ਦੀ ਸਿਰਜੀ
ਸੱਚ ਦੇ ਆਵੇ ਪੱਕੀ ਹੋਈ
ਨਾਮ-ਖੁਮਾਰੀ ਨਾਲ ਸ਼ਿੰਗਾਰੀ
ਸਿਰ ਮਟਕੀ ਕੁਰਬਾਨੀਆਂ ਵਾਲੀ
ਵਿਸਾਹ-ਘਾਤ ਦੀਆਂ ਨਹੁੰਦਰਾਂ ਛਿੱਲੀ
ਲਹੂ ਦੀ ਚੁੰਨੀ, ਲਹੂ ਦੇ ਲੀੜੇ
ਛਾਲੋ-ਛਾਲੀ ਨੰਗੇ ਪੈਰੀਂ
ਠੰਢੇ ਬੁਰਜ ਦੀ ਅੱਗ ਤੱਕ ਪਹੁੰਚ ਗਈ ਸੀ ਜਿਹੜੀ

ਕੰਤ ਜਦੋਂ ਪਰਦੇਸੀਂ ਜਾਂਦੇ
ਗੋਰੀਆਂ ਦੇ ਨੈਣਾਂ ਦੀ ਜੂਹ 'ਤੇ
ਸਤਲੁਜ ਅਤੇ ਬਿਆਸ ਉੱਤਰਦੇ
ਪਰ ਜਦ ਉਹਦੇ ਸਿਰ ਦਾ ਸਾਂਈਂ
ਤਲੀ ਦੇ ਉੱਤੇ ਸੀਸ ਟਿਕਾ ਕੇ
ਪਰਲੋਕਾਂ ਦੇ ਵੱਲ ਨੂੰ ਤੁਰਿਆ
ਆਰੇ ਚੱਲ ਗਏ ਹੋਣੇ ਨੇ
ਉਹਦੇ ਨਰਮ ਕਾਲਜੇ ਉੱਤੇ

ਉਫ਼! ਉਹ ਕਿਹੇ ਸੂਰਜੀ ਪਲ ਸਨ!
ਜਦ ਦੰਦਾਂ ਵਿੱਚ ਚੁੰਨੀ ਨੱਪ ਕੇ
ਉਹਨੇ ਆਪਣਾ ਦਰਦ ਦਬਾਇਆ
ਇੱਕ ਵੀ ਹੰਝੂ ਨਾ ਛਲਕਾਇਆ
"ਤੇਰਾ ਭਾਣਾ ਮੀਠਾ ਲਾਗੈ"
ਖ਼ੁਦ ਨੂੰ ਇਹ ਗੁਰ-ਵਾਕ ਸੁਣਾਇਆ
"ਸ਼ੁਕਰ ਤੇਰਾ" ਕਹਿ ਸੀਸ ਨਿਵਾਇਆ

ਪੁੱਤਰਾਂ ਦੇ ਠੋਹਕਰ ਵੀ ਲੱਗੇ
ਮਾਵਾਂ ਪੀੜੋ-ਪੀੜ ਹੁੰਦੀਆਂ
ਕੀੜੀ ਦੇ ਆਟੇ ਨੂੰ ਡੋਲ੍ਹਣ
ਦੁਖਦੀ ਥਾਂ ਨੂੰ ਮੁੜ ਮੁੜ ਚੁੰਮਣ
ਅੱਥਰੂਆਂ ਦੀਆਂ ਕਰਨ ਟਕੋਰਾਂ
ਪਰ ਜਦ ਉਹਦੇ ਲਾਲ ਨੂੰ ਵਿੰਨ੍ਹਿਆ
ਸਾਜ਼ਿਸ਼-ਭਿੱਜੇ ਤੀਰਾਂ ਨੇ
ਸੂਲਾਂ ਨੇ, ਸ਼ਮਸ਼ੀਰਾਂ ਨੇ
ਸੱਪਾਂ ਦੇ ਵਿਹੁ-ਡੰਗਾਂ ਨੇ



ਰੱਤ-ਤਿਹਾਏ ਰੰਗਾਂ ਨੇ
ਜਿਸਮ ਹੋ ਗਿਆ ਛਲਣੀ ਛਲਣੀ
ਬੱਗੇ ਮੁੱਖ 'ਤੇ ਲਾਲ-ਤੜ੍ਹੀਗੀ,
ਮਾਛੀਵਾੜੇ ਦੇ ਜੰਗਲ ਵਿੱਚ
ਤੱਕ ਕੰਡਿਆਂ ਦੀ ਸੇਜ 'ਤੇ ਸੁੱਤਾ
ਰੁੱਗ ਤਾਂ ਵੱਢੇ ਗਏ ਹੋਣਗੇ
ਮਾਂ ਦੀ ਇੱਕ ਇੱਕ ਆਂਦਰ 'ਚੋਂ ਵੀ

ਉਫ਼! ਉਹ ਕਿਹੇ ਸੂਰਜੀ ਪਲ ਸਨ!
ਜਦ ਜ਼ਖ਼ਮਾਂ ਦੇ ਝੁਰਮਟ 'ਤੇ ਉਸ
ਰੱਬੀ ਰਜ਼ਾ ਦੀ ਮਲ੍ਹਮ ਲਗਾਈ
ਥਾਪੜ ਥਾਪੜ ਪੀੜ ਸੁਆਈ
ਫਿਰ ਸ਼ੁਕਰਾਂ ਦੀ ਧੂਫ ਜਗਾਈ

ਦਾਦੀਆਂ ਦੇ ਹੋਠਾਂ 'ਤੇ ਤੁਰਕੇ
ਲੋਰੀਆਂ ਪਹੁੰਚਣ ਘੋੜੀਆਂ ਤੀਕਰ
ਪਰ ਜਦ ਉਹਨੇ ਪੋਤਰਿਆਂ ਨੂੰ
ਭੇਜਣ ਲਈ ਕਸਾਈ-ਖਾਨੇ
ਅੰਤਿਮ ਵਾਰ ਸ਼ਿੰਗਾਰਿਆ ਹੋਣੈ
ਚੁੰਮ ਚੁੰਮ ਮਸਤਕ ਠਾਰਿਆ ਹੋਣੈ
ਫਟਿਆ ਹੋਊ ਜਵਾਲਾਮੁਖੀ
ਉਹਦੀ ਧਰਤੀ ਦੇ ਅੰਦਰ ਵੀ

ਉਫ਼! ਉਹ ਕਿਹੇ ਸੂਰਜੀ ਪਲ ਸਨ!
ਅੰਗ ਅੰਗ ਦੇ ਜ਼ਲਜ਼ਲੇ ਨੂੰ ਜਦ ਉਸ
ਸਿਮਰਨ ਨਾਲ ਟਿਕਾਇਆ ਹੋਣੈ
ਸ਼ੁਕਰਾਨੇ ਦਾ ਦੀਵਾ
ਰੂਹ ਦੀ ਥਾਲੀ ਵਿੱਚ ਟਿਕਾਇਆ ਹੋਣੈ

ਹੈ ਆਸਾਨ ਇਹ ਕਹਿਣਾ
ਉਹ ਮਹਾਨ ਬੜੀ ਸੀ
ਰੱਬੀ ਨੂਰ ਸੀ
ਉਹ ਤਾਂ ਡੋਲ ਨਹੀਂ ਸਕਦੀ ਸੀ
ਪੀੜਾਂ ਦੇ ਅਹਿਸਾਸ ਤੋਂ ਸੀ ਉਹ ਬਹੁਤ ਉਚੇਰੀ
ਉਹ ਸੀ ਨਾਮ 'ਚ ਰੰਗੀ ਹੋਈ
ਕੁੱਖ ਉਹਦੀ ਸੀ ਚਾਨਣ ਚਾਨਣ

ਸੱਚ ਹੈ ਇਹ
ਪਰ ਇਹ ਵੀ ਸੱਚ ਹੈ
ਜੇ ਉਹ ਮਾਸ-ਮਿੱਟੀ ਦਾ ਬੁੱਤ ਸੀ,
ਜੇ ਜੁੱਸਾ ਰੋਟੀ ਮੰਗਦਾ ਸੀ
ਤੇਹ ਉਹਦੀ ਸੀ ਪਾਣੀ ਲੱਭਦੀ,
ਸਾਹਾਂ ਲਈ ਸੀ ਹਵਾ ਲੋੜੀਂਦੀ
ਫਿਰ ਤਾਂ ਫੱਟ ਵੀ ਲੱਗੇ ਹੋਣੇ
ਫਿਰ ਤਾਂ ਪੀੜ ਵੀ ਹੋਈ ਹੋਣੀ
ਫਿਰ ਹੰਝੂ ਵੀ ਆਏ ਹੋਣੇ

ਉਫ਼! ਉਹ ਕੇਹੀ ਬਹਿਸ਼ਤੀ ਰੂਹ ਸੀ
ਸੀ ਕਲਬੂਤ ਜਾਂ ਕਰਾਮਾਤ ਸੀ ?
ਕੇਹਾ ਸੀ ਸ਼ਾਹਕਾਰ ਖ਼ੁਦਾ ਦਾ ?
ਜਿਹਨੇ ਸਬਰ-ਸਮੁੰਦਰ ਪੀਤੇ
ਇੱਕ ਵਾਰੀ ਵੀ 'ਸੀਅ' ਨਾ ਕੀਤੀ
ਕੀਤਾ ਤਾਂ ਸ਼ੁਕਰਾਨਾ ਕੀਤਾ
ਜਿਹੜੀ ਆਪ ਰਤਾ ਨਾ ਡੋਲੀ
ਨਾ ਹੀ ਡੋਲਿਆ ਉਹਦਾ ਜਾਇਆ
ਨਾ ਉਹਦੇ ਜਾਏ ਦੇ ਜਾਏ



ਹੈ ਕੋਈ ਗੁਜਰੀ ਉਹਦੇ ਵਰਗੀ ?
ਸੀ ਕੋਈ ਗੁਜਰੀ ਉਹਦੇ ਵਰਗੀ ?
ਕਦੇ ਵੀ ਗੁਜਰੀ ਉਹਦੇ ਵਰਗੀ ?
ਕਿਤੇ ਵੀ ਗੁਜਰੀ ਉਹਦੇ ਵਰਗੀ ?
ਤਵਾਰੀਖ਼ ਦਾ ਹਰ ਵਰਕਾ ਹਰ ਸਤਰ ਫਰੋਲੋ
ਧਰਤੀ ਦੇ ਹਰ ਕੋਨੇ ਦੀ ਮਿੱਟੀ ਨੂੰ ਫੋਲੋ
ਕਿਤੇ ਵੀ ਨਹੀਂਉਂ ਲੱਭਣੀ ਗੁਜਰੀ ਉਹਦੇ ਵਰਗੀ ?
ਕਿਤੇ ਵੀ ਨਹੀਂਉ ਹੋਣੀ ਗੁਜਰੀ ਉਹਦੇ ਵਰਗੀ ?
ਵੇ ਇਤਿਹਾਸ ਲਿਖੰਦੜਿਓ!
ਕੋਈ ਫ਼ਰਜ਼ ਨਿਭਾਓ
ਕਲਮ ਚੁੱਕੋ!
ਅੱਖਰਾਂ ਨੂੰ ਸੱਚ ਦੀ ਵਾਟ ਦਿਖਾਓ
ਨਾ ਪੰਜਾਬ ਦੇ, ਨਾ ਹੀ ਹਿੰਦ ਦੇ,
ਦੁਨੀਆਂ ਦੇ ਇਤਿਹਾਸ 'ਚ ਉਹਦਾ ਕਾਂਡ ਲਿਖਾਓ!

## ਮਾਂ ਪੰਜਾਬੀ ਤੋਂ ਬੇ-ਮੁੱਖ ਹੋਏ ਪੁੱਤਾਂ ਦੇ ਨਾਂ

ਬਹੁਤ ਭਿਆਨਕ ਹੁੰਦਾ ਹੈ
ਜਿਸਮ ਦਾ ਗੁਲਾਮ ਹੋ ਜਾਣਾ
ਤਸੀਹਿਆਂ ਦਾ ਤੇਜ਼ਾਬ ਪੀ ਕੇ
ਮੁਸਕੁਰਾਉਣ ਦੀ ਅਦਾਕਾਰੀ ਕਰਨਾ
ਆਪਣੇ ਆਕਾ ਦੀ ਜੀਭ ਨੂੰ
ਆਪਣੇ ਖੱਖਰ–ਖਾਧੇ
ਪੋਪਲ਼ੇ ਮੂੰਹ ਵਿੱਚ ਰੱਖਣਾ
ਤੇ ਫਿਰ ‘ਨਾਂਹ’ ਨੂੰ ‘ਹਾਂ’ ਕਹਿਣਾ
‘ਧੁੱਪ’ ਨੂੰ ‘ਛਾਂ’ ਕਹਿਣਾ

ਹੋਰ ਵੀ ਭਿਆਨਕ ਹੁੰਦਾ ਹੈ
ਜ਼ੇਹਨ ਦਾ ਗੁਲਾਮ ਹੋ ਜਾਣਾ
ਆਪਣੀ ‘ਹੀਣ–ਭਾਵਨਾ’ ਨੂੰ ਕੱਜਣ ਲਈ
ਅਸਮਾਨ ਵੱਲ ਛਲਾਂਗਾਂ ਮਾਰ ਕੇ ਦਿਖਾਉਣਾ
ਧਰਤੀ ਨਾਲੋਂ ਸਕੀਰੀ ਤੋੜਨਾ
ਤੇ ‘ਮੂੰਹ–ਪਰਨੇ’ ਡਿੱਗਣ ਦੇ
ਅੰਜਾਮ ਨੂੰ ਵਿੱਸਰ ਜਾਣਾ



ਕਿਤੇ ਹੋਰ ਭਿਆਨਕ ਹੁੰਦਾ ਹੈ
ਆਪਣੀ ਹੀ ਸਕੀ ‘ਮਾਂ’ ਨੂੰ
ਧੱਫ਼ੇ ਮਾਰ ਕੇ ਡੇਗਣਾ
ਤੇ ਉਹਦੀ ਕੁੰਦਨ–ਕਾਇਆ ਉਤੇ
ਆਪਣੇ ਪੱਥਰ–ਪੱਬਾਂ ਨਾਲ ਚਿੱਬ ਪਾ ਕੇ
ਕਿਸੇ ਪਰਾਈ ਨੂੰ ਮਾਂ ਕਹਿਣਾ
ਤੇ ਅਸਲੋਂ ਹੀ ਵਿੱਸਰ ਜਾਣਾ
ਕਿ ਜਿਸ ਬਿਰਖ ਵਿੱਚੋਂ
ਜੜ੍ਹਾਂ ਮਨਫ਼ੀ ਹੋ ਜਾਂਦੀਆਂ ਨੇ
ਉਸ ’ਤੇ ਕੋਈ ਲਗਰ ਨਹੀਂ ਫੁੱਟਦੀ
ਕੋਈ ਪੰਛੀ ਨਹੀਂ ਚਹਿਕਦਾ
ਕੋਈ ਫੁੱਲ ਨਹੀਂ ਖਿੜਦਾ ।

## ਤੁਸੀਂ ਸਾਰੇ ਕਿੱਥੇ ਓ ?

ਇੱਕ ਸਿਸਕੀ ਇਹ ਵੀ ਸੁਣੋ!
ਤੁਹਾਡੇ ਘਰ
ਅਗਲੇ ਘਰ
ਜਾਂ ਅਗਲੇਰੇ ਘਰ
ਕੁੱਖ ਦੇ ਅੰਨ੍ਹੇ ਖੂਹ ਵਿੱਚ ਬੈਠੀ
ਇੱਕ ਮਾਸੂਮ ਬੱਚੀ
ਸਹਿਮੀਆਂ ਸਹਿਮੀਆਂ ਨਿਗਾਹਾਂ ਨਾਲ
ਤੱਕ ਰਹੀ ਹੈ ਤੁਹਾਡੇ ਵੱਲ।
ਇੱਕ ਨਿੱਕੀ ਜਿਹੀ 'ਪ੍ਰਿੰਸੈਸ'
ਜਿਹਦੇ ਪੀਣ ਲਈ, ਪਾਣੀ ਨਹੀਂ
ਜ਼ਹਿਰ ਦਾ ਡੋਲੂ ਘੱਲਿਆ ਜਾ ਰਿਹੈ
ਦੁੱਧ-ਬਿਸਕੁਟ ਨਹੀਂ
ਧਤੂਰੇ ਦੀ ਰੋਟੀ ਭੇਜੀ ਜਾ ਰਹੀ ਹੈ
ਤੇ ਖੋਹੀ ਜਾ ਰਹੀ ਹੈ ਆਕਸੀਜਨ
ਜਿਸਦੇ ਨਿਰਦੋਸ਼ ਸਾਹਾਂ ਵਿੱਚੋਂ
ਕਿਸੇ ਸੁਰੰਗ ਵਿੱਚੋਂ ਵਧ ਰਹੇ ਨੇ
ਦੋ ਵੱਡੇ ਵੱਡੇ ਹੱਥ
ਉਹਦਾ ਗਲਾ ਘੁੱਟਣ ਲਈ।
ਤੇ ਉਹ ਨਿੱਕੀ ਜਿਹੀ ਕੁੜੀ
ਜਿਉਣਾ ਚਾਹੁੰਦੀ ਹੈ
ਜ਼ਰਾ ਤੱਕੋ ਤਾਂ ਸਹੀ!
ਸੁਫ਼ਨਿਆਂ ਦੀਆਂ ਮਤਾਬੀਆਂ
ਤੇ ਆਸਾਂ ਦੇ ਸਿਤਾਰਿਆਂ ਨਾਲ ਟਮ੍ਹਕਦੀਆਂ
ਉਹਦੀਆਂ ਸਿੱਲ੍ਹੀਆਂ ਸਿੱਲ੍ਹੀਆਂ ਅੱਖਾਂ
ਉਹ ਤੁਹਾਨੂੰ ਹੀ ਉਡੀਕ ਰਹੀ ਹੈ
ਤੇ ਤੁਸੀਂ ਸਾਰੇ ਕਿੱਥੇ ਓ ?
ਕਿੱਥੇ ਓ ?



## ਕੁੜੀਆਂ ਦਾ ਸਾਵਣ

ਸਾਡੇ ਲਈ ਹਰ ਵਰ੍ਹੇ
ਸੁੱਖਾਂ ਦੇ ਸੰਧਾਰੇ ਲਿਆਉਂਦਿਆ ਵੀਰਾ ਸਾਵਣਾ!
ਇਸ ਵਰ੍ਹੇ ਤੇਰੀਆਂ ਕਣੀਆਂ
"ਰੱਬਾ ਰੱਬਾ ਮੀਂਹ ਵਸਾ" ਗਾਉਂਦੀਆਂ
ਮਾਸੂਮ ਤਲੀਆਂ ਨੇ ਨਹੀਂ ਬੋਚਣੀਆਂ
"ਹਾਇ ਅਸੀਂ ਜਿਉਣਾ ਸੀ..ਅਸੀਂ ਜਿਉਣਾ ਸੀ" ਕਰਦੀਆਂ
ਭਰੂਣ ਤਲੀਆਂ ਨੇ ਬੋਚਣੀਆਂ ਨੇ

ਸਾਡੀ ਔੜਾਂ ਮਾਰੀ ਧਰਤੀ ਉੱਤੇ
ਜਲ-ਥਲ ਕਰਦਿਆ ਸਾਂਵਲ ਮੇਘਲਿਆ!
ਇਸ ਵਰ੍ਹੇ
ਤੇਰੀ ਵੱਖੀ 'ਚੋਂ ਉੱਗਣ ਵਾਲੀ ਸਤਰੰਗੀ ਪੀਂਘ
ਛੈਲ-ਛਬੀਲੀਆਂ ਰਕਾਨਾਂ ਨੇ ਨਹੀਂ ਝੂਟਣੀ
ਬਲਾਤਕਾਰ ਦੀਆਂ ਡੰਗੀਆਂ ਮੁਟਿਆਰਾਂ ਨੇ
ਧੌਣਾਂ 'ਚ ਰੱਸੇ ਪਾ ਕੇ ਝੂਟਣੀ ਹੈ

ਸਾਡੀਆਂ ਵੱਢੀਆਂ ਟੁੱਕੀਆਂ ਪੌਣਾਂ ਵਿੱਚ ਘੁਲਦੀਏ
ਤਿੱਤਰ-ਖੰਭੀ ਬਦਲੋਟੀਏ!
ਇਸ ਵਰ੍ਹੇ
ਤੇਰੀਆਂ ਲਟਬੌਰ ਮਸਤੀਆਂ ਨਾਲ ਝੂਮ ਕੇ
ਸਾਡੀ ਰੀਝ ਦੇ ਮੋਰਾਂ ਨੇ ਪੈਲਾਂ ਪਾ ਕੇ ਨਹੀਂ ਨੱਚਣਾ
ਦਾਜ-ਗੁਲੇਲਾਂ ਨਾਲ ਛਾਨਣੀ ਹੋ ਚੁੱਕੇ
ਸਾਡੇ ਪੰਖਾਂ ਨੇ ਨੱਚਣਾ ਹੈ

ਸਾਡੀਆਂ ਕੂਕਾਂ ਸੁਣ ਕੇ ਭਰ ਭਰ ਵਰ੍ਹਦਿਆ!
ਝੱਲਿਆ ਸਾਉਣ ਵੀਰਿਆ!
ਸਾਰੀਆਂ ਗਾਗਰਾਂ ਉਲੱਦ ਕੇ
ਇਉਂ ਪਿਛਲੇ ਪੈਰੀਂ ਨਾ ਪਰਤ
ਕਿ ਅਸੀਂ ਹੁਣ ਤੀਆਂ 'ਚ ਨਵੇਂ ਪਿੜ ਸਜਾਉਣੇ ਨੇ
ਤੇਰਿਆਂ ਛਰਾਟਿਆਂ ਨਾਲ ਵਾਢ ਧੋਣੇ ਨੇ
ਬਿਜਲੀਆਂ ਦੇ ਧਾਗਿਆਂ ਨਾਲ ਪੰਖ ਸਿਉਣੇ ਨੇ
ਸੁੰਝੀਆਂ ਧੜਾਂ 'ਤੇ ਨਵੇਂ ਸਿਰ ਟਿਕਾਉਣੇ ਨੇ।



## ਇੱਕ ਚਿੱਠੀ ਸਰਹੱਦ ਤੋਂ ਆਈ

ਇੱਕ ਚਿੱਠੀ ਸਰਹੱਦ ਤੋਂ ਆਈ
ਇਹ ਚਿੱਠੀ ਚਾਨਣ ਦੀ ਜਾਈ
ਆਈ ਹੈ ਬਰਫ਼ਾਂ ਨਾਲ ਖਹਿਕੇ
ਪਰਬਤ ਦੀ ਚੋਟੀ ਤੋਂ ਲਹਿਕੇ
ਇੱਕ ਫ਼ੌਜੀ ਨੇ, ਇੱਕ ਹੀਰੇ ਨੇ
ਇੱਕ ਪੁੱਤਰ ਨੇ, ਇੱਕ ਵੀਰੇ ਨੇ
ਇੱਕ ਹੱਥ ਵਿੱਚ ਬੰਦੂਕ ਸੰਭਾਲੀ
ਦੂਜੇ ਦੇ ਨਾਲ ਕਲਮ ਚਲਾਈ
ਚਿੱਠੀ ਲਿਖ ਸਰਹੱਦ ਤੋਂ ਪਾਈ

ਇਸ ਚਿੱਠੀ ਨੂੰ ਸੁਣਨਾ ਲੋਕੋ!
ਕੰਨੀਂ ਢਲਿਆ ਸਿੱਕਾ ਕੱਢ ਕੇ
ਇਸ ਚਿੱਠੀ ਨੂੰ ਸੁਣਨਾ ਲੋਕੋ!
ਸੋਚੀਂ ਜੰਮਿਆ ਪਾਰਾ ਵੱਢ ਕੇ
ਇਹ ਚਿੱਠੀ ਪਿਆਰਾਂ ਵਿੱਚ ਰੰਗੇ
ਸਾਂਝਾਂ ਦੀ ਸਰਦਾਰੀ ਮੰਗੇ
ਸਾਨੂੰ ਆਰਸੀਆਂ ਦਿਖਲਾਵੇ
ਸੱਚ-ਕਟਿਹਰੇ ਵਿੱਚ ਖੜ੍ਹਾਵੇ

ਪੁੱਛਦੀ ਹੈ ਮੇਰੇ ਵੀਰੋ! ਭੈਣੋ!
ਇਹ ਕੀ ਘਰ ਦਾ ਹਾਲ ਹੋ ਗਿਐ ?
ਲਵੇ ਸ਼ਰੀਂਹਾਂ ਵਾਲਾ ਮੌਸਮ
ਕਾਹਤੋਂ ਲਾਲੋ-ਲਾਲ ਹੋ ਗਿਐ ?

ਭਗਤ ਸਿੰਘ ਜੋ ਵਿਆਹ ਕੇ ਲਿਆਇਆ
ਕਿੱਥੇ ਹੈ ਉਹ ਬਾਂਕੀ ਲਾੜੀ ?
ਹਰ ਸ਼ਹੀਦ ਹਿੱਕ ਡਾਹ ਕੇ ਲਿਆਇਆ
ਕਿੱਥੇ ਹੈ ਉਹ ਚੰਨ ਦੀ ਫਾੜੀ ?
ਉੱਜੜੀ ਰਾਤ ਦੀ ਪਲਕੀਂ ਟੰਗੇ
ਕਿੱਥੇ ਨੇ ਗੁਲਮੋਹਰੀ ਸੁਫ਼ਨੇ ?
ਕਿੱਥੇ ਸੱਤ-ਸੁਰਾਂ ਦੀ ਸਰਗਮ ?
ਕਿੱਥੇ ਆਜ਼ਾਦੀ ਦੇ ਨਗ਼ਮੇ ?

ਹਰ ਪਾਸੇ ਕੁਹਰਾਮ ਹੈ ਮੱਚਿਆ
ਮਿਲਦੀਆਂ ਨੇ ਬੱਸ ਏਹੋ ਖ਼ਬਰਾਂ
ਨਿੱਤ ਉਠਦੀ ਇਨਸਾਫ਼ ਦੀ ਅਰਥੀ
ਖੁੰਬਾਂ ਵਾਂਗੂੰ ਉੱਗਣ ਕਬਰਾਂ
ਕਦੇ ਸੁਣੀਦੈ, ਚਿੱਥੀ ਹੋਈ
ਲਾਸ਼ ਕਿਸੇ ਕੰਜਕ ਦੀ ਲੱਭੀ
ਅਣਜੰਮੀ ਧੀ ਕਤਲ ਕਰਾ ਕੇ
ਬਾਪ ਨੇ ਖ਼ੁਦ ਰੂੜੀ ਵਿੱਚ ਦੱਬੀ
ਭੁੱਖ ਨੰਗ ਦੇ ਕਾਲੇ ਵਿਸ਼ੀਅਰ
ਹਰ ਚੰਦਨ ਨੂੰ ਡਸਦੇ ਜਾਂਦੇ
ਚੋਗ ਧਰਮ ਦੀ, ਜਾਲ ਸੁਨਹਿਰੀ
ਭੋਲੇ ਪੰਛੀ ਫਸਦੇ ਜਾਂਦੇ

ਹਿੰਦ ਵਾਸੀਓ! ਹੋਸ਼ ਕਰੋ ਕੁਝ
ਇਹ ਕੀ ਕਹਿਰ ਗੁਜ਼ਾਰ ਰਹੇ ਓ ?
ਅਸੀਂ ਵਤਨ ਲਈ ਮਰਨ ਹਾਂ ਲੱਗੇ
ਤੁਸੀਂ ਵਤਨ ਨੂੰ ਮਾਰ ਰਹੇ ਓ



ਬੀਰਾਂ ਦਾ ਉਂਜ ਜ਼ਿਕਰ ਹੋ ਕਰਦੇ
ਆਸਾਂ ਨਹੀਂ ਪੁਗਾਈਆਂ ਗਈਆਂ
ਸੰਤਾਲੀ ਤੋਂ ਰੋਂਦੀਆਂ ਹੀਰਾਂ
ਅਜੇ ਨਾ ਚੁੱਪ ਕਰਾਈਆਂ ਗਈਆਂ
ਕਦੇ ਸੋਚਿਐ ? ਸਿਰ ਤੋਂ ਨੰਗੀਆਂ
ਧੀਆਂ-ਨੋਂਹਾਂ ਦਾ ਕੀ ਬਣਿਆ ?
ਸੀਟਾਂ ਜਿੱਤ ਕੇ ਖਾਈਆਂ ਸੀ ਜੋ
ਉਹਨਾਂ ਸੌਂਹਾਂ ਦਾ ਕੀ ਬਣਿਆ ?

ਤੱਕਿਓ ਜ਼ਰਾ! ਜ਼ਮੀਰ ਦਾ ਸ਼ੀਸ਼ਾ
ਖ਼ੁਦਗਰਜ਼ੀ ਦੀ ਧੂੜ ਹਟਾਇਓ!
ਦੇਸ਼ ਦੀ ਅਣਖ ਵੰਗਾਰੇ ਜਿਹੜਾ
ਉਹਨੂੰ ਕੌੜਾ ਸਬਕ ਸਿਖਾਇਓ!
ਤੁਹਾਡੇ ਲਈ ਅਸੀਂ ਹਾਂ ਬਨਵਾਸੀ
ਤੁਸੀਂ ਵੀ ਆਪਣਾ ਫ਼ਰਜ਼ ਨਿਭਾਇਓ!
ਰੱਬ ਰੋਂਦਾ ਹੈ ਸਾਰੇ ਥਾਈਂ
ਹੁਣ ਨਾ ਮੰਦਿਰ ਮਸਜਿਦ ਢਾਇਓ!
ਫੱਟਾਂ ਉੱਤੇ ਮਿਰਚ ਨਾ ਭੁੱਕਿਓ
ਫੱਟਾਂ ਉੱਤੇ ਮਲ੍ਹਮਾਂ ਲਾਇਓ !

ਇਹ ਦਰਖਾਸਤ ਅੱਖ ਵਿੱਚ ਧੋ ਕੇ
ਅੱਖਰਾਂ ਵਿੱਚ ਪਰੋ ਕੇ ਪਾਈ
ਪੜ੍ਹਿਓ ਵੇ ਕੋਈ! ਸੁਣਿਓ ਵੇ ਕੋਈ!
ਇਹ ਚਿੱਠੀ ਸਰਹੱਦ ਤੋਂ ਆਈ
ਇਹ ਚਿੱਠੀ ਸ਼ਗਨਾਂ ਦੀ ਭੁੱਖੀ
ਇਹ ਤਾਂ ਗੀਤਾਂ ਦੀ ਤਿਰਹਾਈ
ਪੜ੍ਹਿਓ ਵੇ ਕੋਈ! ਮੰਨਿਓ ਵੇ ਕੋਈ!
ਇਹ ਚਿੱਠੀ ਸਰਹੱਦ ਤੋਂ ਆਈ।

## ਮੈਂ ਭਗਤ ਸਿੰਘ ਬੋਲਦਾਂ....

ਸਾਡੇ ਸ਼ਹੀਦੀ ਦਿਵਸ ਮਨਾਉਣ ਵਾਲਿਓ!
ਬੁੱਤਾਂ ਦੇ ਗਲਾਂ 'ਚ ਹਾਰ ਪਾਉਣ ਵਾਲਿਓ!
ਭੀੜ ਸਾਹਵੇਂ ਹੱਥ ਆਪਣੇ ਜੋੜ ਕੇ,
ਸਾਡੇ ਅੱਗੇ ਸਿਰ ਨਿਵਾਉਣ ਵਾਲਿਓ!

ਸੁਣ ਲਓ ਸਾਡੇ ਦਿਲਾਂ ਦੀ ਵੇਦਨਾ
ਫੁੱਲਾਂ ਅੰਦਰ ਰੋ ਰਹੀ ਹੈ ਵਾਸ਼ਨਾ
ਭਾਸ਼ਨਾਂ ਅੰਦਰ ਗੁਆਚੇ ਮਾਲਕੋ !
ਕਿੱਥੇ ਹੈ ਸੁੱਤੀ ਤੁਹਾਡੀ ਚੇਤਨਾ ?
ਲਾਰਿਆਂ ਤੇ ਨਾਹਰਿਆਂ ਦੇ ਸ਼ੋਰ ਵਿੱਚ
ਭੁੱਬਾਂ ਮਾਰੇ ਹਰ ਸ਼ਹੀਦ-ਆਤਮਾ
ਤੁਸੀਂ ਹੁਣ ਤੱਕ ਕੀਤੀਆਂ ਜੋ ਖੱਟੀਆਂ
ਅੱਜ ਮੈਂ ਉਹਨਾਂ ਦੀ ਗੱਠੜੀ ਖੋਲ੍ਹਦਾਂ
ਪਛਾਣਿਆ ਹੈ ? ਕਿ ਨਹੀਂ ਪਛਾਣਿਆ ?
ਵਾਰਿਸੋ! ਤੁਹਾਡਾ ਭਗਤ ਸਿੰਘ ਬੋਲਦਾਂ...

ਤੁਸੀਂ ਭਾਰਤ-ਮਾਂ ਦਾ ਇਹ ਕੀ ਹਾਲ ਕੀਤਾ ਹੈ ?
ਕਰਜ਼ੇ ਦੇ ਵਿੱਚ ਇਹਦਾ ਵਾਲ-ਵਾਲ ਕੀਤਾ ਹੈ
ਰੋਜ਼ ਏਥੇ ਲੱਗਦੇ ਲਾਸ਼ਾਂ ਦੇ ਢੇਰ ਨੇ
ਮਿੱਝ ਦੇ ਵਿੱਚ ਲਿੱਬੜੇ ਬਾਲਾਂ ਦੇ ਪੈਰ ਨੇ
ਵੈਣਾਂ 'ਚ ਭਿੱਜ ਕੇ ਲਾਲ ਕਿਲ੍ਹਾ ਕੰਬਦਾ ਏਥੇ
ਮਾਵਾਂ ਦਾ ਸੀਨਾ ਪਿੱਟ ਪਿੱਟ ਕੇ ਅੰਬਦਾ ਏਥੇ
ਥੇਹਾਂ ਦੀ ਤਸਵੀਰ ਨਿੱਤ ਦਿੰਦਾ ਅਖ਼ਬਾਰ ਹੈ
ਹਰ ਮਾਸੂਮ ਧੌਣ 'ਤੇ ਤਾਣੀ ਤਲਵਾਰ ਹੈ



ਕੀ ਮੈਂ ਇਸੇ ਆਜ਼ਾਦੀ ਲਈ
ਜਵਾਨੀ ਵਾਰ ਆਇਆ ਸੀ ?
ਕੀ ਮੈਂ ਇਸੇ ਆਜ਼ਾਦੀ ਲਈ
ਜ਼ਿੰਦਗੀ ਹਾਰ ਆਇਆ ਸੀ ?
ਕੀ ਮੈਂ ਇਸੇ ਆਜ਼ਾਦੀ ਵਾਸਤੇ
ਫਾਂਸੀ ਨੂੰ ਚੁੰਮਿਆ ਸੀ ?
ਬਸੰਤੀ ਚੋਲਾ ਪਹਿਨ ਕੇ
ਕੀ ਇਹਦੇ ਲਈ ਘੁੰਮਿਆ ਸੀ ?
ਨਹੀਂ ਨਹੀਂ... ਨਹੀਂ ਨਹੀਂ...
ਓ ਹਿੰਦ ਵਾਸੀਓ! ਓ ਸਾਥੀਓ! ਓ ਦੋਸਤੋ !
ਮੈਂ ਇਹ ਆਜ਼ਾਦੀ ਤਾਂ ਨਹੀਂ ਮੰਗੀ ਸੀ....

ਏਥੇ ਤਾਂ ਜ਼ੋਰਾਵਰ ਹਰ ਥਾਂ ਕਹਿਰ ਢਾਅ ਰਿਹਾ
ਹੱਕਾਂ ਦੀ ਚਿਣ ਕੇ ਚਿਖਾ ਲਾਂਬੂ ਲਗਾ ਰਿਹਾ
ਇਹ ਬੇਜ਼ਮੀਰੇ ਕੌਣ ? ਜੋ ਹੱਥ ਸੇਕ ਰਹੇ ਨੇ ?
ਆਜ਼ਾਦੀ ਨੂੰ ਕਿਸ਼ਤਾਂ ਦੇ ਅੰਦਰ ਵੇਚ ਰਹੇ ਨੇ
ਵਿਕਦੀਆਂ ਨੇ ਕੰਜਕਾਂ ਤੇ ਵਿਕਦੀਆਂ ਨੇ ਬੋਟੀਆਂ
ਨਿੱਕੇ ਨਿੱਕੇ ਹੱਥ ਨੇ ਰੂੜੀ 'ਚੋਂ ਲੱਭਦੇ ਰੋਟੀਆਂ
ਕੀ ਇਹੋ ਮੇਰੇ ਸੁਫ਼ਨਿਆਂ ਦਾ ਭਾਰਤ ਹੈ ?
ਕੀ ਇਹੋ ਮੇਰੇ ਆਪਣਿਆਂ ਦਾ ਭਾਰਤ ਹੈ ?
ਨਹੀਂ ਨਹੀਂ... ਨਹੀਂ ਨਹੀਂ...
ਓ ਹਿੰਦ ਵਾਸੀਓ! ਓ ਸਾਥੀਓ! ਓ ਦੋਸਤੋ!
ਮੈਂ ਇਹ ਆਜ਼ਾਦੀ ਤਾਂ ਨਹੀਂ ਮੰਗੀ ਸੀ...

ਮੈਂ ਆਪਣੀ ਚਰਬੀ ਨੂੰ ਜਿਸ ਲਾਟ ’ਤੇ ਪੰਘਾਰਿਆ
ਮੈਂ ਜਿਹੜੇ ਲੋਕਾਂ ਲਈ ਬਘਿਆੜਾਂ ਨੂੰ ਲਲਕਾਰਿਆ
ਮੈਂ ਟੋਟਾ ਧੁੱਪ ਦਾ ਮੰਗਿਆ ਸੀ ਜਿਸ ਹਨ੍ਹੇਰੇ ਲਈ
ਮੈਂ ਹਰ ਪਲ ਨੇਜ਼ੇ ’ਤੇ ਟੰਗਿਆ ਸੀ ਜਿਸ ਸਵੇਰੇ ਲਈ
ਕੀ ਇਹ ਉਹੀ ਹੈ ਸਵੇਰਾ ? ਉਹੀ ਰੌਸ਼ਨੀ ਹੈ ?
ਇਹ ਤਾਂ ਅੱਗ ਹੈ, ਜੋ ਸਾੜਦੀ ਹੈ, ਮਾਰਦੀ ਹੈ

ਓ ਮੇਰੇ ਨਾਮ ਦਾ ਵਪਾਰ ਕਰਨ ਵਾਲਿਓ!
ਇਕ ਦੂਜੇ ਉਤੇ ਇਲਜ਼ਾਮ ਧਰਨ ਵਾਲਿਓ!
ਦਾਅਵਾ ਕਰ ਰਹੇ ਓ ਮੇਰੀ ਰਾਹ ’ਤੇ ਚੱਲਣ ਦਾ
ਓ ਮੇਰੇ ਵਤਨ ਨੂੰ ਨੀਲਾਮ ਕਰਨ ਵਾਲਿਓ!

ਮੈਂ ਕਦ ਕਿਹਾ ਸੀ ? ਸੱਚ ਨੂੰ ਸ਼ਿਕੰਜੇ ਲਾ ਦਿਓ
ਹਰ ਇਕ ਵੰਝਲੀ ਚੁੱਲ੍ਹੇ ਦੇ ਅੰਦਰ ਡਾਹ ਦਿਓ
ਮੈਂ ਕਦ ਕਿਹਾ ਸੀ ? ਮੱਥੇ ਦਾ ਦੀਵਾ ਪੂਰ ਦਿਓ,
ਗੁੰਗੀ ਜੀਭ ਨੂੰ ਇੱਕ ਸ਼ਬਦ ‘ਜੀ..ਹਜ਼ੂਰ’ ਦਿਓ
ਤੁਸੀਂ ਵਿਕਾਸ ਦੇ ਇਹ ਅਰਥ ਕੇਹੇ ਸਿਰਜੇ ਨੇ ?
ਮੰਡੀਕਰਨ ਵਿੱਚ ਫਸਲਾਂ ਲਿਤਾੜੀ ਜਾਂਦੇ ਓ
ਅਸੀਂ ਜਿਹਨਾਂ ਵਿਦੇਸ਼ੀ ਹਾਕਮਾਂ ਨੂੰ ਕੱਢਿਆ
ਤੁਸੀਂ ਤਾਂ ਉਹਨਾਂ ਨੂੰ ਹੀ ਫੇਰ ਵਾੜੀ ਜਾਂਦੇ ਓ

ਇਹ ਹੰਝੂ ਖ਼ੂਨ ਦੇ ਡੁੱਲ੍ਹਦੇ ਨੇ, ਤੇ ਜੋ ਡੁੱਲ੍ਹਣਗੇ,
ਇਨ੍ਹਾਂ ਹੰਝੂਆਂ ਦਾ ਕੋਈ ਰਾਹ ਤੁਹਾਡੇ ਨਾਮ ਵੀ ਹੈ
ਮੈਂ ਇੱਕ ਵਾਰ ਨਹੀਂ ਮਰਿਆ, ਮੈਂ ਰੋਜ਼ ਮਰਦਾ ਹਾਂ
ਮੇਰੇ ਕਤਲ ਦਾ ਗੁਨਾਹ ਤੁਹਾਡੇ ਨਾਮ ਵੀ ਹੈ।



## ਕੀਹ ਹੋਇਆ ਆਜ਼ਾਦੀ ਦਾ ਰੰਗ ਫਿੱਕਾ ?

ਕੀਹ ਹੋਇਆ ਆਜ਼ਾਦੀ ਦਾ ਰੰਗ ਫਿੱਕਾ ?
ਸੋਨ-ਚਿੜੀ ਹੁਣ ਫੇਰ ਫ਼ਕੀਰ ਹੋ ਗਈ ?
ਰੰਗੀ ਜਿਹੜੀ ਸ਼ਹੀਦਾਂ ਦੇ ਲਹੂ ਅੰਦਰ
ਟੁਕੜੇ ਟੁਕੜੇ ਉਹ ਸੂਹੀ ਤਸਵੀਰ ਹੋ ਗਈ
ਜਿਹੜੇ ਦੀਵਿਆਂ ਨੂੰ ਸ਼ੌਂਕ ਭਾਂਬੜਾਂ ਦਾ
ਹੱਥ ਉਹਨਾਂ ਦੇ ਸਾਡੀ ਤਕਦੀਰ ਹੋ ਗਈ
ਸਾਡੀ ਗੋਰੀ ਦੁਪਹਿਰ ਦੀ ਤਲੀ ਉੱਤੇ
ਧੂੰਏਂ- ਰੰਗੀ ਹਰੇਕ ਲਕੀਰ ਹੋ ਗਈ

ਦੇਸ਼ ਵਾਸੀਓ ! ਨਹੀਂ ਉਦਾਸ ਹੋਣਾ
ਆਪਾਂ ਸਦੀਆਂ ਤੋਂ ਏਦਾਂ ਹੀ ਅੜੇ ਹੋਏ ਹਾਂ
ਹਮਲੇ ਅੰਦਰੋਂ ਵੀ, ਹਮਲੇ ਬਾਹਰ ਤੋਂ ਵੀ
ਆਪਾਂ ਜੰਗ ਦੀ ਭੱਠੀ ’ਚ ਰੜ੍ਹੇ ਹੋਏ ਹਾਂ
ਜੱਗ ਮੇਟਦਾ ਰਿਹਾ ਨਿਸ਼ਾਨ ਆਪਣੇ
ਆਪਾਂ ਸਾਲਮ ਸਬੂਤੇ ਹੀ ਖੜ੍ਹੇ ਹੋਏ ਹਾਂ
ਆਪਣੀ ਮਕਤਲਾਂ ਵਿੱਚ ਬਰਾਤ ਉੱਤਰੇ
ਆਪਾਂ ਮੌਤ ਦੀ ਚੌਂਕੀ ’ਤੇ ਚੜ੍ਹੇ ਹੋਏ ਹਾਂ

ਜਦੋਂ ਨੇਰ੍ਹ ਹਰ ਤਰਫ ਅਸਵਾਰ ਹੋ ਜਾਏ
ਉਦੋਂ ਸਰਘੀ ਵੀ ਬੜੀ ਕਰੀਬ ਹੁੰਦੀ
ਜਦੋਂ ਝੂਠ ਹੱਦਾਂ ਬੰਨੇ ਪਾਰ ਹੋ ਜਾਏ
ਉਦੋਂ ਸੱਚ ਦੇ ਹੱਥ ਜ਼ਰੀਬ ਹੁੰਦੀ
ਜਦੋਂ ਅੱਖ ਦਾ ਹੰਝੂ ਪਨਾਹ ਮੰਗੇ
ਉਦੋਂ ਅੱਖ ਨੂੰ ਖੁਸ਼ੀ ਨਸੀਬ ਹੁੰਦੀ
ਅੰਨ੍ਹੀ ਗਲੀ ਦੇ ਮੋੜ ਤੋਂ ਰਤਾ ਅੱਗੇ
ਡਿੱਗੀ ਟੁਕੜਿਆਂ ਵਿੱਚ ਸਲੀਬ ਹੁੰਦੀ

ਭੁਰ ਭੁਰ ਕੇ ਫੇਰ ਹਾਂ ਜੁੜ ਜਾਂਦੇ
ਮਿੱਟੀ ਦੇਸ਼ ਦੀ ਵਿੱਚ ਜਾਦੂਗਰੀ ਹੈ ਇਹ
ਸਾਨੂੰ ਮਾਣ ਬਸੰਤੀ ਚੋਲ਼ਿਆਂ 'ਤੇ
ਮਰ-ਜੀਊੜਿਆਂ ਦੀ ਕਾਰੀਗਰੀ ਹੈ ਇਹ
ਦੇਸ਼ ਭਗਤੀ ਨਾ ਅਸਲੋਂ ਅਲੋਪ ਹੋਈ
ਖੰਡਰ ਖੋਲ਼ਿਆਂ ਵਿੱਚ ਲੁਕ ਕੇ ਖੜ੍ਹੀ ਹੈ ਇਹ
ਜਿੰਨੀ ਮਰਜ਼ੀ ਗਦਾਰਾਂ ਨੇ ਛਾਂਗ ਦਿੱਤੀ
ਟਾਹਲੀ ਜੜ੍ਹਾਂ ਕੋਲੋਂ ਹਰੀ-ਭਰੀ ਹੈ ਇਹ

ਪੂੰਝੋ ਅੱਥਰੂ , ਪੈਰਾਂ ਨੂੰ ਸਫ਼ਰ ਦੇ ਦਓ
ਵਰਕਾ ਹਾਰ ਦਾ ਪਾੜੋ ਕਿਤਾਬ ਵਿੱਚੋਂ
ਤਰਕਸ਼ ਧਰੋ ਕਮਾਨ ਦੀ ਜੀਭ ਉੱਤੇ
ਖੁਸ਼ੀ ਕੱਢ ਲਓ ਅਜਗਰ ਦੀ ਜਾਭ ਵਿੱਚੋਂ
ਖੜ੍ਹੋ ਪੂਰਾਂ ਦੇ ਪੂਰ ਹੁਣ ਪੱਤਣਾਂ 'ਤੇ
ਚੰਦ ਆਏਗਾ ਬਾਹਰ ਚਨਾਬ ਵਿੱਚੋਂ
ਜਿਹੜਾ ਹਿੰਦ ਦੀ ਫੇਰ ਤਕਦੀਰ ਬਦਲੂ
ਉੱਠੂ ਫੇਰ ਆਵਾਜ਼ ਪੰਜਾਬ ਵਿੱਚੋਂ।



## ਜਾਂਜਬੀੜ

**ਡਾਰਫੂਰ (ਸੁਡਾਨ) ਵਿੱਚ ਸਿਸਕਦੀ ਮਮਤਾ ਦੇ ਨਾਂ**

ਉਹ ਦਣਦਣਾਉਂਦੇ ਆਏ
ਉਮਰ ਵਿਹਾਜ ਚੁੱਕੇ ਜੰਗਾਲੇ ਸਾਹਾਂ ਨੂੰ
ਘੋੜਿਆਂ ਦੇ ਸੰਮਾਂ ਥੱਲੇ ਮਸਲਿਆ
ਇਸਪਾਤੀ ਜਵਾਨਾਂ ਦੇ ਤੂੰਬੇ ਉਡਾਏ
ਮਹਿਕਦੇ ਬਾਗ਼ਾਂ ਦੇ ਮੱਥਿਆਂ 'ਤੇ
ਸਿਵਿਆਂ ਦਾ ਸਾਈਨ-ਬੋਰਡ ਚਿਪਕਾਇਆ
ਤੇ ਤਿਤਲੀਆਂ ਦੀਆਂ ਗਰਭਦਾਨੀਆਂ ਵਿੱਚ ਗੱਡ ਗਏ
ਆਪਣੀ ਜਿੱਤ ਦੇ ਝੰਡੇ

ਸਮਾਂ ਨੌਂ ਕਦਮ ਅੱਗੇ ਤੁਰਿਆ
ਹੁਣ ਸਿਆਹ ਕਾਲੀਆਂ ਬਾਹਾਂ ਵਿੱਚ
ਝੂਲ ਰਹੇ ਨੇ ਗੋਰੇ ਚਿੱਟੇ ਬਾਲ
ਤੇ ਸਾਂਵਲੀਆਂ ਮਾਵਾਂ ਹੈਰਾਨ ਪਰੇਸ਼ਾਨ ਨੇ
ਕਿੰਜ ਛਿਪਾਣ ਜਹਾਨ ਤੋਂ ?
ਇਹ ਫੁਲਵਹਿਰੀ ਦੇ ਦਾਗ
ਕਿੰਜ ਦਿਖਾਣ ਜੱਗ ਨੂੰ ?
ਆਪਣੇ ਸੱਜਰੇ ਫੁੱਲਾਂ ਦਾ ਗੌਰਵ

ਕਿੰਜ ਪਿਆਰ ਕਰਨ ਉਹਨਾਂ ਨੂੰ ?
ਜਿਹੜੇ ਜਬਰ ਦੀ ਬਨਾਵਟ ਨੇ
ਜਿਹੜੇ ਜ਼ੁਲਮ ਦੀ ਸ਼ਨਾਖਤ ਨੇ
ਕਿੰਜ ਨਫ਼ਰਤ ਕਰਨ ਉਹਨਾਂ ਨੂੰ ?
ਜਿਹੜੇ ਆਪਣੇ ਢਿੱਡੋਂ ਜਾਏ ਨੇ
ਜਿਹੜੇ ਮਮਤਾ ਦੇ ਤਿਰਹਾਏ ਨੇ

ਵਹਿਸ਼ਤ ਦੇ ਬੜੇ ਰੰਗ ਨੇ
ਪਰ ਇਹ ਕੇਹਾ ਰੰਗ ਹੈ ?
ਜਿਸਨੇ ਬਚਪਨ ਚੀਰ-ਚੀਰ ਕੀਤਾ ਹੈ
ਮਾਂ ਦੇ ਨਿੱਘ ਨੂੰ ਲੀਰ-ਲੀਰ ਕੀਤਾ ਹੈ।

---

** ਜਾਂਜਬੀੜ ਉਹਨਾਂ ਦੁੱਧ-ਚਿੱਟੇ ਬਾਲਾਂ ਨੂੰ ਕਿਹਾ ਜਾਂਦੈ, ਜਿਹੜੇ ਸੂਡਾਨ ਵਿੱਚ ਕਾਲੀਆਂ ਔਰਤਾਂ ਦੀ ਕੁਖੋਂ ਗੋਰਿਆਂ ਦੀ ਵਹਿਸ਼ਤ ਨੇ ਪੈਦਾ ਕੀਤੇ। ਮਾਵਾਂ ਸ਼ਰਮ ਦੀਆਂ ਮਾਰੀਆਂ ਉਹਨਾਂ ਨੂੰ ਦੁਨੀਆਂ ਤੋਂ ਲੁਕਾਉਂਦੀਆਂ ਨੇ, ਕਦੀ ਪਿਆਰਦੀਆਂ ਤੇ ਕਦੀ ਨਫ਼ਰਤ ਕਰਦੀਆਂ ਨੇ, ਅਤੇ ਇਹ ਸਭ ਕੁਝ ਸੂਡਾਨ ਵਿੱਚ ਹੀ ਨਹੀਂ, ਦੁਨੀਆਂ ਦੇ ਹਰ ਖਿੱਤੇ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਹੋ ਰਿਹਾ ਹੈ।*



## ਮੇਰੀ ਚਿੜੀ ਦੀ ਅੰਬਰ ਵੱਲ ਉਡਾਣ

ਜਾਹ ਧੀਏ! ਘਰ ਆਪਣੇ
ਕਿ ਇਹ ਘਰ ਤੇਰੇ ਸੁਫ਼ਨਿਆਂ ਦੇ ਹਾਣ ਦਾ ਨਹੀਂ
ਕਿ ਇੱਥੇ ਕਿਰਤਾਂ ਦੀ ਹਥੇਲੀ ਉੱਤੇ
ਹੱਕਾਂ ਦੀਆਂ ਅਸ਼ਰਫੀਆਂ ਨਹੀਂ ਟਿਕਦੀਆਂ
ਸਗੋਂ ਪੈਰਾਂ ਦੇ ਛਾਲਿਆਂ ਤੋਂ
ਸਫ਼ਰ ਦੀ ਜਵਾਬ-ਤਲਬੀ ਕੀਤੀ ਜਾਂਦੀ ਹੈ।

ਜਾਹ ਧੀਏ! ਦੇਸ ਬਗਾਨੇ
ਕਿ ਇਹ ਦੇਸ ਤੇਰੇ ਚਾਵਾਂ ਦੇ ਮੇਚ ਦਾ ਨਹੀਂ
ਕਿ ਏਥੇ ਕੁਆਰੀਆਂ ਸੱਧਰਾਂ ਨੂੰ
ਪ੍ਰੀਤਾਂ ਦੇ ਪਰੀਬੰਦ ਨਹੀਂ ਜੁੜਦੇ
ਸਗੋਂ ਕੱਚੀਆਂ ਗਰੀਆਂ
ਮਾਪਿਆਂ ਦੇ ਲਹੂ ਵਿੱਚ ਡੁਬੋ ਕੇ ਚੱਖੀਆਂ ਜਾਂਦੀਆਂ ਨੇ।

ਜਾਹ ਧੀਏ! ਲੱਭ ਆਪਣਾ ਅੰਬਰ
ਕਿ ਇਹ ਅੰਬਰ ਹੁਣ ਟਿਮਟਿਮਾਉਂਦਾ ਨਹੀਂ
ਸਗੋਂ ਅੱਥਰੂਆਂ ਦੀ ਬਾਰਿਸ਼ ਵਿੱਚ
ਸਾਰੇ ਦਾ ਸਾਰਾ ਡੁੱਬ ਚੱਲਿਆ ਹੈ
ਤੇ ਇਹਦੇ ਚੰਦ ਸੂਰਜ
ਸਹਿਮ ਨਾਲ ਪੀਲੇ-ਜ਼ਰਦ ਹੋ ਗਏ ਨੇ।

ਪਰ ਹਾਰੀਂ ਨਾ! ਨਾ ਉਦਾਸ ਹੋਵੀਂ!
ਕਿ ਮੈਂ ਅੱਖਰਾਂ ਦੇ ਸੱਗੀਫੁੱਲ ਗੁੰਦ ਕੇ
ਸਾਰੀ ਉਮਰ ਵਿੱਚ ਕਮਾਈਆਂ ਦੁਆਵਾਂ ਦੀ ਨਰੇਲ
ਤੇਰੇ ਪੱਲੇ ਵਿੱਚ ਪਾ ਦਿੱਤੀ ਹੈ
ਇਸ ਮਿੱਟੀ ਦਾ ਜੇਰਾ ਤੇਰੇ ਜਿਸਮ ਵਿੱਚ ਧਰ ਦਿੱਤਾ ਹੈ
ਤੇ ਪੰਜਾਬਣਾਂ ਦੀ ਹਿੰਮਤ ਤੇਰੇ ਖੰਭਾਂ ਨਾਲ ਬੰਨ੍ਹ ਦਿੱਤੀ ਹੈ।

## ਮੇਰੀਏ ਧਰਤੀਏ... ?

ਮੈਂ ਇਹ ਕੀ ਕੀਤਾ ?
ਕਿ ਆਪਣੇ ਜਿਗਰ ਦੇ ਦੋ ਟੁਕੜੇ ਕਰਕੇ
ਗਲੋਬ ਦੇ ਦੋਵਾਂ ਸਿਰਿਆਂ ਵੱਲ ਤੋਰ ਦਿੱਤੇ
ਤੇ ਆਪਣੇ ਪੀੜੋ-ਪੀੜ ਹੋਠਾਂ 'ਤੇ ਮੁਸਕਾਨ ਲਿੱਪ ਲਈ

ਮੈਂ ਇਹ ਕੀ ਕੀਤਾ ?
ਕਿ ਆਪਣੇ ਫੁੱਲਾਂ ਦੀ ਖ਼ੁਸ਼ੀ ਲਈ
ਆਪਣੀ ਹਯਾਤੀ ਵਿੱਚੋਂ ਖ਼ੁਸ਼ਬੋ ਮਨਫ਼ੀ ਕਰ ਲਈ
ਤੇ ਪੱਤਝੜ ਦੀ ਬੁੱਕਲ ਵਿੱਚ ਰੋਣ ਨੂੰ ਆਪਣੀ ਹੋਣੀ ਬਣਾ ਲਿਆ

ਮੈਂ ਇਹ ਕੀ ਕੀਤਾ ?
ਕਿ ਆਪਣੇ ਸੁਫ਼ਨਿਆਂ ਨੂੰ
ਕਾਲ਼ੀਆਂ ਬੋਲ਼ੀਆਂ ਰਾਤਾਂ ਦੇ ਕਿਨਾਰੇ ਰੱਖ ਦਿੱਤਾ
ਤੇ ਫ਼ੋਨ ਵਿੱਚੋਂ ਆਉਂਦੀ ਉਨ੍ਹਾਂ ਦੀ 'ਵਾਜ ਨੂੰ ਜ਼ਿੰਦਗੀ ਮਿੱਥ ਲਿਆ

ਜ਼ਖ਼ਮਾਂ ਦੀ ਕਚਹਿਰੀ ਵਿੱਚ ਖੜੋ ਕੇ
ਮੈਂ ਅੱਜ ਆਪਣੀ ਜੰਮਣ-ਭੋਂ ਨੂੰ ਪੁੱਛਦੀ ਹਾਂ
ਕਿ ਮੇਰੀਏ ਧਰਤੀਏ !
ਤੂੰ ਏਨੀ ਜ਼ਾਲਿਮ ਕਿਉਂ ਹੋਈ ਜਾਨੀ ਐਂ ?
ਜੋ ਮਾਵਾਂ ਨੂੰ ਆਪਣੀਆਂ ਆਂਦਰਾਂ ਵੱਢ ਕੇ
ਪਰਦੇਸੀ ਧਰਤੀਆਂ 'ਤੇ ਬੀਜਣੀਆਂ ਪੈ ਰਹੀਆਂ ਨੇ
ਤੇ ਆਪਣੇ ਮਾਸੂਮ ਬੋਟ
ਬੇਗਾਨੇ ਆਲ੍ਹਣਿਆਂ ਦੇ ਹਵਾਲੇ ਕਰਨੇ ਪੈ ਰਹੇ ਨੇ !

ਮੇਰੀਏ ਧਰਤੀਏ !
ਤੂੰ ਏਨੀ ਜ਼ਾਲਿਮ ਕਿਉਂ ਹੋਈ ਜਾਨੀ ਐਂ ?



## ਮਾਂ-ਦਿਵਸ 'ਤੇ

ਮੈਂ ਇੱਕ ਮਾਂ
ਮੇਰੇ ਦੋ ਟੁਕੜੇ
ਇਕ ਧਰਤੀ ਦੇ ਏਸ ਸਿਰੇ 'ਤੇ
ਇੱਕ ਧਰਤੀ ਦੇ ਓਸ ਸਿਰੇ 'ਤੇ
ਕਿੰਨੀਆਂ ਮਾਵਾਂ ਟੁਕੜੇ ਹੋਈਆਂ
ਕੁੱਲ ਦੁਨੀਆਂ ਦੇ ਅੰਦਰ ਖਿੰਡੀਆਂ
ਬੁੱਲ੍ਹਾਂ ਉੱਤੇ ਦੁਆਵਾਂ ਥਿਰਕਣ
ਨੈਣਾਂ ਦੇ ਵਿੱਚ ਹੰਝੂ ਲਿਸ਼ਕਣ
ਹਰ ਇੱਕ ਮਾਂ ਦੀ ਇਹੋ ਨਿਸ਼ਾਨੀ
ਹਰ ਇੱਕ ਮਾਂ ਦੀ ਇਹੋ ਕਹਾਣੀ
ਅੱਜ ਕਹਾਣੀ ਦੱਸ ਰਹੀ ਹਾਂ
ਰੋਂਦੀ ਰੋਂਦੀ ਹੱਸ ਰਹੀ ਹਾਂ

ਇਹਦੇ ਵਿਚ ਸਚਾਈ ਝਾਕੇ
ਮਾਂ ਆਪਣੇ ਬੇਟੇ ਨੂੰ ਆਖੇ :

ਮੈਂ ਤਾਂ ਇੱਕ ਅਣਭੋਲ ਕਲੀ ਸੀ
ਜਾਂ ਕੋਈ ਖਾਲੀ ਜਹੀ ਫਲ਼ੀ ਸੀ
ਤੂੰ ਹੀ ਕਿਸੇ ਨਛੱਤਰੋਂ ਉੱਡ ਕੇ
ਮੇਰੀ ਕੁੱਖ ਵਿੱਚ ਆਣ ਸਮਾਇਆ
ਤੂੰ ਹੀ ਏਡਾ ਰੁਤਬਾ ਦਿੱਤਾ
ਤੂੰ ਹੀ ਮੈਨੂੰ 'ਮਾਂ' ਬਣਾਇਆ

ਜਦ ਸੀ ਤੂੰ ਦੋ-ਚਾਰ ਦਿਨਾਂ ਦਾ
ਕੂਲ਼ਾ ਰੂੰ ਦੇ ਗੋਹੜੇ ਵਰਗਾ
ਸੋਨ-ਸੁਨਹਿਰੀ ਕੇਸਾਂ ਵਾਲਾ
ਮੱਥਾ ਸੀ ਦਰਵੇਸ਼ਾਂ ਵਾਲਾ
ਤੂੰ ਨੀਂਦਰ ਦੇ ਵਿੱਚ ਮੁਸਕਾਇਆ
ਦਿਲ ਮੇਰਾ ਰੱਜ ਕੇ ਲਹਿਰਾਇਆ

'ਮਾਂ....' ਜਦ ਪਹਿਲੀ ਵਾਰ ਕਿਹਾ ਤੂੰ
ਮੇਰੇ ਕੰਨੀਂ ਵੱਜੀ ਬੰਸਰੀ
ਮੈਂ ਤਾਂ ਜਿਉਂ 'ਜਸ਼ੋਧਾ' ਹੋਈ
ਨਾਚ ਛਿੜੇ, ਤੇ ਛਿੜੀਆਂ ਤਾਨਾਂ
'ਗੋਕੁਲ' ਮੇਰੇ ਅੰਦਰ ਆਇਆ
ਮੇਰਾ ਰੋਮ ਰੋਮ ਨਸ਼ਿਆਇਆ

ਜਦ ਤੂੰ ਹੱਸਿਆ ਖਿੜ ਖਿੜ ਕਰਕੇ
ਮੈਂ ਬ੍ਰਹਿਮੰਡ ਦੀ ਹਾਣੀ ਹੋਈ
ਤੂੰ ਮੇਰੇ ਗਲ ਬਾਹਾਂ ਪਾਈਆਂ
ਮੈਂ ਕੋਈ ਪਟਰਾਣੀ ਹੋਈ
ਤੂੰ ਹੀ ਅੰਦਰ ਮਮਤਾ ਬੀਜੀ
ਤੂੰ ਹੀ ਮੈਨੂੰ ਤਖ਼ਤ ਬਿਠਾਇਆ

ਜਦ ਤੂੰ ਪਹਿਲਾ ਪੈਰ ਸੀ ਪੁੱਟਿਆ
ਮੈਂ ਸਾਰੀ ਹੀ ਡੋਲ ਗਈ ਸੀ
ਡਿੱਗ ਪਵੇਂ ਨਾ, ਹੌਲ ਗਈ ਸੀ
ਜਦ ਤੂੰ ਛੋਹਲਾ ਛੋਹਲਾ ਭੱਜ ਕੇ
ਮੇਰੀਆਂ ਬਾਹਾਂ ਦੇ ਵਿੱਚ ਆਇਆ
ਮੈਂ ਜਿੱਦਾਂ ਕੋਈ ਤਗ਼ਮਾ ਪਾਇਆ



ਹੁਣ ਤਾਂ ਤੇਰੇ ਕਦਮ ਨੇ ਤਕੜੇ
ਕਿੱਸਾ ਇਹ ਪੁਰਾਣਾ ਹੋਇਆ
ਹੁਣ ਤਾਂ ਮਾਂ ਹੈ ਕਮਲੀ ਹੋਈ
ਹੁਣ ਤਾਂ ਪੁੱਤ ਸਿਆਣਾ ਹੋਇਆ

ਪਰ ਮੈਂ ਤਾਂ ਅੱਜ ਵੀ ਉਥੇ ਹਾਂ
ਜਿੱਥੇ ਤੇਰਾ ਬਚਪਨ ਖੇਡੇ
ਪਰ ਮੈਂ ਤਾਂ ਅੱਜ ਵੀ ਉਥੇ ਹਾਂ
ਜਿੱਥੇ ਤੈਨੂੰ ਚੜ੍ਹੀ ਜਵਾਨੀ
ਪਰ ਮੈਂ ਤਾਂ ਅੱਜ ਵੀ ਉਥੇ ਹਾਂ
ਤੇਰੀ ਖੁਸ਼ੀ, ਕਲੇਸਾਂ ਅੰਦਰ
ਪਰ ਮੈਂ ਤਾਂ ਅੱਜ ਵੀ ਉਥੇ ਹਾਂ
ਤੇਰੇ ਸੰਗ ਪਰਦੇਸਾਂ ਅੰਦਰ।

ਹਰ ਇੱਕ ਮਾਂ ਦੀ ਇਹੋ ਕਹਾਣੀ
ਹਰ ਇੱਕ ਮਾਂ ਦੀ ਇਹੋ ਨਿਸ਼ਾਨੀ
ਅੱਜ ਕਹਾਣੀ ਦੱਸ ਰਹੀ ਹਾਂ
ਰੋਂਦੀ ਰੋਂਦੀ ਹੱਸ ਰਹੀ ਹਾਂ

ਇਹਦੇ ਵਿਚ ਸਚਾਈ ਝਾਕੇ
ਮਾਂ ਆਪਣੀ ਬੇਟੀ ਨੂੰ ਆਖੇ:

ਮੈਂ ਤਾਂ ਇਕ ਅਣਭੋਲ ਕਲੀ ਸੀ
ਜਾਂ ਫਿਰ ਮਾਸ ਦੀ ਇਕ ਡਲੀ ਸੀ
ਤੂੰ ਹੀ ਕੁੱਖ ਦੀ ਟਾਹਣੀ ਉੱਤੇ
ਆ ਕੇ ਇੱਕ ਆਲ੍ਹਣਾ ਪਾਇਆ
ਤੂੰ ਹੀ ਏਡਾ ਰੁਤਬਾ ਦਿੱਤਾ
ਤੂੰ ਹੀ ਮੈਨੂੰ 'ਮਾਂ' ਬਣਾਇਆ

ਜਦ ਸੀ ਤੂੰ ਦੋ-ਚਾਰ ਦਿਨਾਂ ਦੀ
ਕੂਲ਼ੀ ਕੂਲ਼ੀ ਮਖ਼ਮਲ ਵਰਗੀ
ਨੀਲ-ਬਲੌਰੀ ਅੱਖੀਆਂ ਵਾਲੀ
ਮੀਚੀਆਂ ਹੋਈਆਂ ਮੁੱਠੀਆਂ ਵਾਲੀ
ਤੂੰ ਨੀਂਦਰ ਦੇ ਵਿੱਚ ਮੁਸਕਾਈ
ਮੇਰੇ ਮੁੱਖ 'ਤੇ ਰੌਣਕ ਆਈ

'ਮਾਂ....' ਜਦ ਪਹਿਲੀ ਵਾਰ ਕਿਹਾ ਤੂੰ
ਮੇਰੇ ਕੰਨੀਂ ਹੇਕਾਂ ਪਈਆਂ
ਮੇਰੇ ਅੰਦਰ ਕਿੱਕਲੀ ਪੈ ਗਈ
ਮੇਰੇ ਅੰਦਰ ਤੀਆਂ ਲੱਗੀਆਂ
ਰੂਹ ਮੇਰੀ ਨੇ ਗਿੱਧਾ ਪਾਇਆ
ਮੇਰਾ ਅੰਗ ਅੰਗ ਨਸ਼ਿਆਇਆ

ਜਦ ਤੂੰ ਹੱਸੀ ਖਿੜ ਖਿੜ ਕਰਕੇ
ਮਹਿਕਾਂ ਭਰੇ ਸ਼ਗੂਫੇ ਖਿੜ ਗਏ
ਤੂੰ ਮੇਰੇ ਗਲ ਬਾਹਾਂ ਪਾਈਆਂ
ਮੈਨੂੰ ਦੀਨ-ਦੁਨੀ ਸਭ ਮਿਲ ਗਏ
ਤੂੰ ਹੀ ਮੇਰੇ ਭਰੇ ਖਜ਼ਾਨੇ
ਤੂੰ ਹੀ ਮੇਰੇ ਮੁਕਟ ਸਜਾਇਆ



ਜਦ ਤੂੰ ਪਹਿਲਾ ਪੈਰ ਸੀ ਪੁੱਟਿਆ
ਦਿਲ ਮੇਰਾ ਸੀ ਠੱਕ-ਠੱਕ ਵੱਜਿਆ
ਡਿੱਗ ਪਵੇਂ ਨਾ, ਫ਼ਿਕਰ ਸੀ ਲੱਗਿਆ
ਜਦ ਤੂੰ ਕਾਹਲੀ ਕਾਹਲੀ ਭੱਜ ਕੇ
ਮੇਰੀਆਂ ਬਾਹਾਂ ਦੇ ਵਿੱਚ ਆਈ
ਮੈਂ ਜਿੱਦਾਂ ਕੋਈ ਪਦਵੀ ਪਾਈ

ਹੁਣ ਤਾਂ ਤੇਰੇ ਕਦਮ ਨੇ ਤਕੜੇ
ਦੁਨੀਆਂ ਦਾ ਹਰ ਕੋਨਾ ਗਾਹਵੇਂ
ਹੁਣ ਤਾਂ ਤੇਰੇ ਖੰਭ ਨੇ ਤਕੜੇ
ਗਗਨਾਂ ਵਿੱਚ ਉਡਾਰੀ ਲਾਵੇਂ

ਪਰ ਮੈਂ ਤਾਂ ਅੱਜ ਵੀ ਉਥੇ ਹਾਂ
ਜਿੱਥੇ ਤੇਰਾ ਬਚਪਨ ਖੇਡੇ
ਪਰ ਮੈਂ ਤਾਂ ਅੱਜ ਵੀ ਉਥੇ ਹਾਂ
ਜਿੱਥੇ ਤੂੰ ਮੁਟਿਆਰ ਹੋਈ ਸੀ
ਪਰ ਮੈਂ ਤਾਂ ਅੱਜ ਵੀ ਉਥੇ ਹਾਂ
ਤੇਰੀ ਖ਼ੁਸ਼ੀ, ਕਲੇਸਾਂ ਅੰਦਰ
ਪਰ ਮੈਂ ਤਾਂ ਅੱਜ ਵੀ ਉਥੇ ਹਾਂ
ਤੇਰੇ ਸੰਗ ਪਰਦੇਸਾਂ ਅੰਦਰ।

## ਜੰਮਣ-ਪੀੜਾਂ

ਆਪਣੀ ਕੁੱਖੋਂ-ਜਾਈ 'ਤੇ ਪਏ ਵਖਤਾਂ ਨੂੰ ਦੇਖ ਕੇ
ਮੇਰੇ ਰੇਸ਼ੇ ਰੇਸ਼ੇ 'ਚੋਂ ਗੁਜ਼ਰਦੀਆਂ ਪੀੜ-ਤਰਾਟਾਂ
ਕਿੰਨੀਆਂ ਤਿੱਖੀਆਂ ਤੇ ਵਾਢਵੀਂਆਂ ਨੇ ਉਹਨਾਂ ਪੀੜਾਂ ਸਾਹਵੇਂ
ਜਿਹੜੀਆਂ ਉਹਨੂੰ ਜੰਮਣ ਵੇਲੇ
ਮੇਰੇ ਅੰਗ ਅੰਗ 'ਚੋਂ ਗੁਜ਼ਰੀਆਂ ਸਨ

ਤੇ ਫਿਰ ਉਹ ਪੀੜਾਂ ਤਾਂ
ਛਾਈਂ-ਮਾਈਂ ਹੋ ਗਈਆਂ ਸਨ
ਮੇਰੀ ਝੋਲੀ ਵਿੱਚ ਇੱਕ 'ਨਗੀਨਾ' ਧਰ ਕੇ
ਤੇ ਇਹ ਪੀੜਾਂ ਤਾਂ
ਜਦੋਂ ਵੀ ਛਿੜਦੀਆਂ ਨੇ
ਮੇਰੀ ਝੋਲੀ ਵਿੱਚ ਦਹਿਕਦੇ ਅੰਗਾਰੇ ਧਰ ਜਾਂਦੀਆਂ ਨੇ

ਕੀ ਇਹਨਾਂ ਅੰਗਾਰਿਆਂ ਦਾ
ਕੋਈ ਆਖਰੀ ਪੜਾਅ ਹੈ ?



## ਤੇਰੀ ਅਗਨਕੁੰਡ ਜਹੀ ਪੀੜ !

ਤੇਰੀ ਅਗਨਕੁੰਡ ਜਹੀ ਪੀੜ!
ਨੀ ਮੇਰੀਏ ਨਿੱਕੜੀਏ!
ਮੇਰਾ ਗਈ ਕਲੇਜਾ ਚੀਰ
ਨੀ ਡਾਰੋਂ ਵਿੱਛੜੀਏ!

ਤੇਰੇ ਹਾਸਿਆਂ ਦੀ ਛਣਕਾਰ
ਨੀ ਲਾਡਾਂ ਪਾਲੜੀਏ!
ਤੁਰ ਗਈ ਲਾਵਾਂ ਦੇ ਨਾਲ
ਨੀ ਚੂੜੇ ਵਾਲੜੀਏ!

ਤੇਰੀ ਗੁੰਮ ਗਈ ਕਿਧਰੇ ਪੈਲ
ਨੀ ਮਾਂ ਦੀਏ ਮੋਰਨੀਏ!
ਛਿੱਲੇ ਹੋਏ ਪੱਬਾਂ ਨਾਲ
ਨੀ ਪੱਥਰ ਭੋਰਨੀਏ!

ਤੇਰੇ ਫੱਟ ਬਣਨਗੇ ਫੁੱਲ
ਨੀ ਸਿਰੜਾਂ ਵਾਲੜੀਏ!
ਨਾ ਬੱਦਲੀ ਬਣ ਕੇ ਡੁੱਲ੍ਹ
ਨੀ ਸਿਦਕਾਂ ਪਾਲੜੀਏ!

ਤੇਰੇ ਬਰਮੀਆਂ ਛੇਕੇ ਸਾਹ
ਨੀ ਹੋਈ ਛਾਨਣੀਏਂ!
ਨਾ ਹੰਝੂਆਂ ਦੇ ਵਿੱਚ ਨਾਹ
ਨੀ ਰੂਹ ਦੀਏ ਚਾਨਣੀਏਂ!

ਹਰ ਰਾਤ ਦੇ ਮਗਰ ਸਵੇਰ
ਨੀ ਨੇਰ੍ਹੇ ਫੋਲਦੀਏ!
ਕੋਈ ਸੂਰਜ ਚੜ੍ਹਨਾ ਫੇਰ
ਨੀ ਧੁੱਪਾਂ ਟੋਲਦੀਏ!



## ਬੁਝੀਆਂ ਦੀਵਾਲੀਆਂ

ਮੈਂ ਹਾਸੇ ਲੱਭਦੀ ਹਾਂ
ਉਸ ਸਹਿਮੀ ਜਿਹੀ ਆਵਾਜ਼ ਵਿੱਚੋਂ
ਜਿਹੜੀ ਨਿੱਕੀ ਜਿਹੀ ਗੱਲ 'ਤੇ
ਹਜ਼ਾਰਾਂ ਘੁੰਗਰੂਆਂ ਵਾਂਗ ਟੁਣਕ  ਟੁਣਕ ਪੈਂਦੀ ਸੀ

ਮੈਂ ਸ਼ੋਖੀਆਂ ਢੂੰਢਦੀ ਹਾਂ
ਉਸ ਨੈਣਾਂ ਦੀ ਝੀਲ ਵਿੱਚੋਂ
ਜਿਸ ਵਿੱਚ ਤਰਦੇ ਕੰਵਲ
ਮੈਨੂੰ ਧੁਰ ਅੰਦਰ ਤੱਕ ਲਟਬੌਰੀ ਕਰ ਦਿਆ ਕਰਦੇ ਸੀ

ਮੈਂ ਥਿਰਕਣ ਮੰਗਦੀ ਹਾਂ
ਉਸ ਟੁੱਟੀ ਹੋਈ ਪੰਜੇਬ ਕੋਲੋਂ
ਜਿਹੜੀ ਰਤਾ ਜਿੰਨੀ ਹਰਕਤ 'ਤੇ
ਛਮ-ਛਮਾ-ਛਮ ਵੱਜਿਆ ਕਰਦੀ ਸੀ

ਮੈਂ ਲੋਅ ਭਾਲਦੀ ਹਾਂ
ਉਸ ਉਦਾਸ ਫੁਲਝੜੀ ਕੋਲੋਂ
ਜਿਹੜੀ ਜਦੋਂ ਜਗਦੀ ਸੀ
ਤਾਂ ਸਾਰਾ ਵਿਹੜਾ ਚਾਨਣ-ਚਾਨਣ ਹੋ ਜਾਇਆ ਕਰਦਾ ਸੀ

ਤੇ ਭੁੱਲ ਜਾਂਦੀ ਹਾਂ ਹਰ ਵਾਰ
ਕਿ ਉਹ ਫੁਲਝੜੀ ਤਾਂ ਵਿਆਹੀ ਜਾ ਚੁੱਕੀ ਹੈ।

## ਕਵਿਤਾ ਅੱਜ ਕੱਲ੍ਹ

ਕਵਿਤਾ ਅੱਜ ਕੱਲ੍ਹ
ਮੇਰੀ ਕਲਮ ਦੀ ਨੋਕ 'ਤੇ ਨਹੀਂ ਉੱਤਰਦੀ
ਇਹ ਤਾਂ ਜਾ ਪਹੁੰਚੀ ਹੈ ਉਸ ਦੇਸ
ਜਿੱਥੇ ਮੇਰੀ ਕਾਇਆ ਦੀ ਸਿਰਜੀ ਇੱਕ ਕਵਿਤਾ
ਉਡਣ-ਖਟੋਲੇ ਵਿੱਚ ਚੜ੍ਹ ਕੇ ਜਾ ਪਹੁੰਚੀ ਹੈ

ਮੇਰੀ ਕਵਿਤਾ
ਜਿਹਦੇ ਬੁਲਬੁਲ ਵਰਗੇ ਬੋਲ
ਬੰਦੀਖਾਨੇ ਦੇ ਦਰਵਾਜ਼ਿਆਂ ਨਾਲ ਟਕਰਾ ਕੇ
ਤੁਪਕਾ ਤੁਪਕਾ ਬਿਖਰ ਗਏ ਨੇ
ਤੇ ਉਹਦੇ ਗੁੱਟ ਉੱਤੇ ਬੰਨ੍ਹੇ ਕਲੀਰੇ
ਹੱਥਕੜੀਆਂ ਦੀ ਜੂਨ ਹੰਢਾਅ ਰਹੇ ਨੇ

ਕਵਿਤਾ ਅੱਜ ਕੱਲ੍ਹ
ਮੇਰੇ ਕਾਗਜ਼ 'ਤੇ ਅਠਖੇਲੀਆਂ ਨਹੀਂ ਕਰਦੀ
ਇਹ ਤਾਂ ਬੌਂਦਲੀ ਜਿਹੀ ਫਿਰਦੀ ਹੈ ਉਸ ਦੇਸ
ਜਿੱਥੇ ਉਹਦੇ ਤਲਵਿਆਂ ਉਤੇ
ਨਿੱਤ ਉਹਦੇ ਹੀ ਲਹੂ ਦੀ ਮਹਾਵਰ ਲੱਗਦੀ ਹੈ
ਤੇ ਲੋਕ ਗੀਤਾਂ ਦੇ ਤਿਰਹਾਏ ਕੰਨਾਂ ਵਿੱਚ
ਗਾਲ੍ਹਾਂ ਦਾ ਸੰਗੀਤ ਗੂੰਜਦਾ ਹੈ

ਦੁਧੀਆ ਗਰਦਨ 'ਤੇ ਉੱਭਰੀਆਂ
ਸੂਤੀਆਂ ਹੋਈਆਂ ਨੀਲੀਆਂ ਨਾੜਾਂ ਵਿੱਚ
ਅਟਕ ਅਟਕ ਕੇ ਵਹਿ ਰਹੀ ਹੈ ਮੇਰੀ ਕਵਿਤਾ
ਜਿਹੜੀ ਅੱਥਰੂਆਂ ਦਾ ਵੇਸ ਪਹਿਨਣ ਲਈ
ਮੌਸਮ ਦੀ 'ਇਜ਼ਾਜ਼ਤ' ਭਾਲਦੀ ਹੈ



ਅੱਖਰਾਂ ਦਾ ਵੇਸ ਪਹਿਨਣ ਦੀ ਤਾਂ
ਰੁੱਤ ਹੀ ਵਿਵਰਜਿਤ ਹੈ ਹੁਣ....
ਉਂਜ ਤਾਂ ਸ਼ਾਇਦ ਕੁੜੀਆਂ, ਚਿੜੀਆਂ ਤੇ ਕਵਿਤਾਵਾਂ ਦੀ
ਆਪਣੀ ਕੋਈ 'ਰੁੱਤ' ਹੀ ਨਹੀਂ ਹੁੰਦੀ
ਨਾ ਹੀ ਇਹਨਾਂ ਦਾ ਆਪਣਾ ਕੋਈ ਦੇਸ ਹੁੰਦਾ ਹੈ
ਇਹ ਤਾਂ ਭਟਕਦੀਆਂ ਰਹਿੰਦੀਆਂ ਨੇ
ਇੱਕ ਘਰ ਤੋਂ ਦੂਜੇ ਘਰ ਤੱਕ
ਇੱਕ ਬਨੇਰੇ ਤੋਂ ਦੂਜੇ ਬਨੇਰੇ ਤੱਕ
ਇੱਕ ਅੱਖ ਤੋਂ ਦੂਜੀ ਅੱਖ ਤੱਕ
ਤੇ ਫਿਰ ਇੱਕ ਜਨਮ ਤੋਂ ਦੂਜੇ ਜਨਮ ਤੱਕ
ਆਪਣੇ ਹੀ ਵਜੂਦ ਦੀ ਤਸਦੀਕ ਭਾਲਦੀਆਂ
ਆਪਣੇ ਹੀ ਹਿੱਸੇ ਦਾ ਚੋਗ ਵਰਤਾਉਂਦੀਆਂ
ਤੇ ਫਿਰ ਇੱਕ ਦਿਨ ਅਚਾਨਕ
ਖੰਡਰਾਂ ਦੇ ਵਰਕਿਆਂ ਦੀ
ਇਬਾਰਤ ਹੋ ਜਾਂਦੀਆਂ ਨੇ।

## ਇਸ ਵੇਦਨ ਨੂੰ ਕੀ ਨਾਂ ਦੇਵਾਂ ?

ਇਸ ਵੇਦਨ ਨੂੰ ਕੀ ਨਾਂ ਦੇਵਾਂ ?
ਇਹਨੂੰ ਕਿਸ ਰਿਸ਼ਤੇ ਵਿੱਚ ਥਾਂ ਦੇਵਾਂ ?
ਹੈ ਸਿਖਰ ਦੁਪਹਿਰ ਤਸ਼ੱਦਦ ਦੀ
ਇਹਨੂੰ ਕਿਸ ਬੱਦਲ ਦੀ ਛਾਂ ਦੇਵਾਂ ?

ਵੰਝਲੀ ਦਾ ਜਿਹੜਾ ਵੈਰੀ ਸੀ
ਵੰਝਲੀ ਦਾ ਮਾਲਕ ਬਣ ਬੈਠਾ
ਸਭ ਹੇਕਾਂ, ਹੂਕਾਂ ਹੋ ਗਈਆਂ
ਉਹਨੂੰ ਕਿਉਂ ਰਾਂਝਣ ਦਾ 'ਨਾਂ' ਦੇਵਾਂ ?

ਸਭ ਬੋਟ ਅਲੂੰਏ ਟੁੱਕ ਦਿੱਤੇ
ਟੁੱਕ ਕੇ ਫਿਰ ਧੁੱਪੇ ਸੁੱਟ ਦਿੱਤੇ
ਅਣਜੰਮੀਆਂ ਬੱਚੀਆਂ ਤੜਪਦੀਆਂ
ਮੈਂ ਕਿੱਥੋਂ ਮਹਿਰਮ ਮਾਂ ਦੇਵਾਂ ?

ਅੱਖੀਆਂ ਦਾ ਵਣਜ ਸਹੇੜ ਲਿਆ
ਅੱਖੀਆਂ ਦੇ ਵਪਾਰੀ ਆਏ ਨਾ
ਇਸ ਮੰਡੀ ਵਿੱਚ ਹੱਡ ਵਿਕਦੇ ਨੇ
ਦਿਲ ਦੇ ਦੇਵਾਂ, ਜਾਂ ਨਾ ਦੇਵਾਂ ?

ਇਹ ਦਰਦ ਧੁਰਾਂ ਤੋਂ ਸਾਡਾ ਸੀ
ਇਸ ਦਰਦ ਦੀ ਲਾਟ ਸਲਾਮਤ ਹੈ
ਇਹ ਸੇਕ ਵੀ ਹੈ, ਇਹ ਚਾਨਣ ਵੀ
ਉਹ 'ਨਾਂਹ' ਦੇਵੇ ਮੈਂ 'ਹਾਂ' ਦੇਵਾਂ



ਰੇਤੇ ਨੇ ਪਾਣੀ ਜੀਰ ਲਏ
ਨੈਣਾਂ ਵਿੱਚ ਨਦੀਆਂ ਆ ਗਈਆਂ
ਦਿਸਹੱਦੇ ਤੱਕ ਹੈ ਮਾਰੂਥਲ
ਮੈਂ ਕਿੱਥੋਂ ਕੋਈ ਝਨਾਂ ਦੇਵਾਂ ?

ਇਸ ਵੇਦਨ ਨੂੰ ਕੀ ਨਾਂ ਦੇਵਾਂ ?
ਇਹਨੂੰ ਕਿਸ ਰਿਸ਼ਤੇ ਵਿੱਚ ਥਾਂ ਦੇਵਾਂ ?
ਹੈ ਸਿਖਰ ਦੁਪਹਿਰ ਤਸ਼ੱਦਦ ਦੀ
ਇਹਨੂੰ ਕਿਸ ਬੱਦਲ ਦੀ ਛਾਂ ਦੇਵਾਂ ?

## ਸਬਰਾਂ ਦਾ ਸ਼ੀਸ਼ਾ

ਕਦੀ ਸਬਰਾਂ ਦਾ ਸ਼ੀਸ਼ਾ ਤਿੜਕਿਆ
ਤਾਂ ਇਹ ਨਾ ਸਮਝੀਂ
ਇਹ ਕੱਚ ਦੀ ਮੂਰਤੀ ਹੈ
ਟੁੱਟ ਕੇ ਬਿਖਰ ਹੀ ਜਾਏਗੀ

ਤੇਰੀ ਦੇਹਲੀ 'ਤੇ ਸਜਦਾ ਮਰ ਗਿਆ
ਤਾਂ ਇਹ ਨਾ ਜਾਣੀਂ
ਵਫ਼ਾ ਅੱਲ੍ਹੜ ਕੁੜੀ ਹੈ
ਲਾਂਬੂਆਂ ਤੋਂ ਡਰ ਹੀ ਜਾਏਗੀ

ਮੇਰੇ ਮੱਥੇ 'ਤੇ ਨੀਲ ਉੱਗਿਆ
ਤਾਂ ਇਹ ਨਾ ਸਮਝੀਂ
ਇਹ ਕੁਰਬਾਨੀ ਦੀ ਜਾਈ ਹੈ
ਇਹ ਮੇਰੇ ਦਰ ਹੀ ਆਏਗੀ

ਮੇਰੀ ਗਾਨੀ ਦਾ ਧਾਗਾ ਟੁੱਟਿਆ
ਤਾਂ ਇਹ ਨਾ ਜਾਣੀਂ
ਇਹ ਪਿੰਜਰੇ ਦੀ ਹੈ ਘੁੱਗੀ
ਉੱਡ ਕੇ ਫਿਰ ਘਰ ਹੀ ਆਏਗੀ

ਕਿ ਮੈਂ ਹੁਣ
ਹਉਕਿਆਂ ਦੀ ਜੂਨ ਵਿੱਚੋਂ ਪਾਰ ਹੋਈ
ਤੇਰੇ ਦਰਬਾਰ ਦੇ
ਸਭ ਫਤਵਿਆਂ ਤੋਂ ਬਾਹਰ ਹੋਈ



ਮੈਂ ਆਪਣੇ ਹਸ਼ਰ ਦੇ
ਗਿਣ ਕੇ ਹਿਸਾਬ ਮੰਗਣੇ ਨੇ
ਸਭ ਟਕੂਏ ਤੇ ਬਰਛੇ
ਚੌਂਕ ਦੇ ਵਿੱਚ ਬਾਲਣੇ ਨੇ

ਤੇਰੀ ਹਰ ਰਾਤ 'ਚੋਂ
ਮੈਂ ਚੰਦ ਤਾਰੇ ਤੋੜਨੇ ਨੇ
ਤੇ ਲੇਖ ਆਪਣੇ
ਆਪਣੇ ਹੀ ਹੱਥੀਂ ਜੋੜਨੇ ਨੇ ।

## ਆ ਮੈਂ ਤੈਨੂੰ ਸੋਹਣੀਏ !....

ਮਨ ਦੇ ਢੱਠੇ ਮਕਬਰੇ 'ਤੇ
ਮੋਮਬੱਤੀਆਂ ਧਰ ਦਿਆਂ
ਆ ਮੈਂ ਤੈਨੂੰ ਸੋਹਣੀਏ !
ਜ਼ਿੰਦਗੀ ਦੀ ਹਾਣੀ ਕਰ ਦਿਆਂ

ਸੂਰਜ-ਗੋਲ਼ੇ ਨਾਲੋਂ ਤੋੜਾਂ
ਕਿਰਨਾਂ ਦੀ ਕੋਈ ਡੋਰ ਮੈਂ
ਸਾਰੇ ਫੱਟ ਸਿਉਂ ਦਿਆਂ ਤੇਰੇ
ਕਰ ਦਿਆਂ ਨਵੀਂ ਨਕੋਰ ਮੈਂ
ਬੁਝਿਆਂ ਬੁਝਿਆਂ ਨੈਣਾਂ ਵਿੱਚ
ਖ਼ਾਬਾਂ ਦਾ ਕਜਲਾ ਭਰ ਦਿਆਂ
ਆ ਮੈਂ ਤੈਨੂੰ ਸੋਹਣੀਏ !
ਜ਼ਿੰਦਗੀ ਦੀ ਹਾਣੀ ਕਰ ਦਿਆਂ

ਕੇਸਰ ਦਾ ਮਲ਼-ਮਲ਼ ਕੇ ਵਟਣਾ
ਦਾਗ਼ ਸਾਰੇ ਲਾਹ ਦਿਆਂ
ਲੈ ਕੇ ਰੂਪ ਕਸੁੰਭੜੇ ਤੋਂ
ਹੁਸਨ ਨੂੰ ਲਿਸ਼ਕਾ ਦਿਆਂ
ਸਾੜ੍ਹ-ਸਤੀਆਂ ਸਾਰੀਆਂ
ਪਰਲੋ ਤੋਂ ਪਾਰ ਕਰ ਦਿਆਂ
ਆ ਮੈਂ ਤੈਨੂੰ ਸੋਹਣੀਏ !
ਜ਼ਿੰਦਗੀ ਦੀ ਹਾਣੀ ਕਰ ਦਿਆਂ



ਕਾਸ਼ਨੀ ਕੋਈ ਸੰਦਲੀ
ਬੱਦਲਾਂ ਦੇ ਲੀੜੇ ਪਾ ਦਿਆਂ
ਚੰਨ ਦੇ ਕੁੜਤੀ ਤੇਰੀ ਨੂੰ
ਫੇਰ ਬੀੜੇ ਲਾ ਦਿਆਂ
ਸਿੰਗ-ਤਵੀਤਾਂ ਤੇਰਿਆਂ ਵਿੱਚ
ਨਾਗ-ਮਣੀਆਂ ਮੜ੍ਹ ਦਿਆਂ
ਆ ਮੈਂ ਤੈਨੂੰ ਸੋਹਣੀਏ !
ਜ਼ਿੰਦਗੀ ਦੀ ਹਾਣੀ ਕਰ ਦਿਆਂ

ਧੁੱਪਾਂ ਨਾਲੋਂ ਲਾਹ ਸਿਉਨਾ
ਪਿੱਪਲ-ਪੱਤੀਆਂ ਪਾ ਦਿਆਂ
ਹੀਰਿਆਂ ਦੀ ਝਿਲਮਿਲਾਉਂਦੀ
ਫੇਰ ਬਿੰਦੀ ਲਾ ਦਿਆਂ
ਫੇਰ ਤੈਨੂੰ ਮੌਲੀਆਂ ਦਾ
ਮਹਿੰਦੀਆਂ ਦਾ ਵਰ ਦਿਆਂ
ਆ ਮੈਂ ਤੈਨੂੰ ਸੋਹਣੀਏ !
ਜ਼ਿੰਦਗੀ ਦੀ ਹਾਣੀ ਕਰ ਦਿਆਂ

ਪੰਜ ਨਦੀਆਂ ਦੇ ਆਬ ਦੇ ਵਿੱਚ
ਪੰਜ ਪਤਾਸੇ ਘੋਲ ਕੇ
ਤੇਰੇ ਸਿੱਕਰੇ ਬੁਲ੍ਹਾਂ ਉੱਤੇ
ਮਿੱਠੜਾ ਸ਼ਰਬਤ ਡੋਲ੍ਹ ਕੇ
ਚੂਸ ਲਵਾਂ ਹਟਕੋਰੇ ਸਾਰੇ
ਸੁਰਖ ਹਾਸੇ ਭਰ ਦਿਆਂ
ਆ ਮੈਂ ਤੈਨੂੰ ਸੋਹਣੀਏ !
ਜ਼ਿੰਦਗੀ ਦੀ ਹਾਣੀ ਕਰ ਦਿਆਂ।

## ਕੁੜੀ ਹੁਣ ਕੋਈ ਖ਼ਤ ਨਹੀਂ ਲਿਖੇਗੀ

ਕੁੜੀ ਹੁਣ ਜਾਣ ਗਈ ਹੈ
ਕਿ ਕਿੰਨੀ ਕੁ ਪੀਡੀ ਹੈ
ਤੇਰੇ ਇਕਰਾਰਾਂ ਦੀ ਗੰਢ
ਤੇ ਕਿੰਨਾ ਕੁ ਗੂੜ੍ਹਾ ਹੈ
ਤੇਰੀ ਆਸ਼ਕੀ ਦਾ ਰੰਗ

ਲੱਭ ਲਿਆ ਹੈ ਉਹਨੇ
ਆਕਾਸ਼-ਗੰਗਾ ਤੋਂ ਪਰ੍ਹਾਂ ਦੀ ਹੋ ਕੇ
ਆਪਣੇ ਘਰ ਵੱਲ ਨੂੰ ਜਾਂਦਾ ਰਾਹ
ਤੇ ਖੁਰਚ ਲਈਆਂ ਨੇ
ਮਹਿੰਦੀ-ਰੱਤੀਆਂ ਤਲੀਆਂ ਉੱਤੋਂ
ਉਡੀਕਾਂ ਦੀਆਂ ਔਸੀਆਂ

ਮਿੱਥ ਲਿਆ ਹੈ ਉਹਨੇ ਵੀ ਖੇਡਣਾ
ਰੰਗਾਂ ਨਾਲ
ਰੁੱਤਾਂ ਨਾਲ
ਵਾਅਦਿਆਂ ਨਾਲ
ਇਰਾਦਿਆਂ ਨਾਲ

ਸਿੱਖ ਲਿਆ ਹੈ ਉਹਨੇ ਵੀ ਪਰਚਣਾ
ਸ਼ਬਦਾਂ ਦੇ ਛਣਕਣੇ ਨਾਲ
ਅਰਥਾਂ ਦੇ ਮਣਕਣੇ ਨਾਲ
ਤੇ ਆ ਗਈਆਂ ਨੇ ਉਹਨੂੰ ਵੀ ਵੰਡਣੀਆਂ ਚੂਲੀਆਂ
ਮਿਰਗ-ਛਲ ਦੇ ਸਰਵਰਾਂ 'ਚੋਂ



ਇਸ ਲਈ ਰਾਹੀਆ!
ਆਪਣੀ ਗਠੜੀ ਵਿੱਚ ਬੰਨ੍ਹ
ਲਾਰਿਆਂ ਦੇ ਮਿਕਨਾਤੀਸ
ਤੇ ਸੁਰਮਈ ਨੈਣਾਂ ਵਿੱਚੋਂ ਡਲ੍ਹਕੇ
ਦੋ ਪਾਣੀ-ਰੰਗੇ ਮੋਤੀ
ਤੇ ਤੁਰਦਾ ਹੋ..

ਜਾਹ....! ਜਾਹ...!
ਇੰਜ ਪਿੱਛੇ ਭਉਂ ਭਉਂ ਕੇ
ਵਫ਼ਾ ਦੇ ਚਿਹਰੇ ਤੋਂ
ਬਿਰਹਾ ਦੇ ਨਕਸ਼ ਨਾ ਟੋਲ
ਕੁੜੀ ਹੁਣ ਕੋਈ ਖ਼ਤ ਨਹੀਂ ਲਿਖੇਗੀ
ਕੁੜੀ ਹੁਣ ਕੋਈ ਵੀ ਖ਼ਤ ਨਹੀਂ ਲਿਖੇਗੀ ।

## ਪਰਦੇਸੋਂ ਪਰਤਣ ਵੇਲੇ....

ਕੱਲ੍ਹ ਪਰਤ ਰਹੀ ਹਾਂ
ਆਪਣੇ ਦੇਸ ਨੂੰ
ਜਿਹੜਾ ਤੇਰਾ ਵੀ ਦੇਸ ਹੈ
ਤੇ ਜਿੱਥੋਂ ਪਹਿਲੀ ਉਡਾਰੀ ਮਾਰਨ ਵੇਲੇ
ਤੇਰੇ ਕਾਲਜੇ ਦਾ ਇੱਕ ਟੁਕੜਾ
ਉਥੇ ਹੀ ਕਿਤੇ ਰਹਿ ਗਿਆ ਸੀ

ਕੀ ਦੱਸਾਂ ਜਾ ਕੇ ਦੇਸ ਤੇਰੇ ਨੂੰ ?
ਕਿ ਤੂੰ ਕਿਹੜੇ ਰੰਗਾਂ ਵਿੱਚ ਵਸਦਾ ਹੈਂ
ਤੇ ਉਦਾਸੀਆਂ ਦੀ ਸੁੰਨ-ਸਰਾਂ ਵਿੱਚ
ਕਹਿਕਹੇ ਲਾ ਕੇ ਹੱਸਦਾ ਹੈਂ

ਦੇਖ ਲਈ ਹੈ ਮੈਂ
ਸੱਤ ਪਰਦਿਆਂ ਹੇਠਾਂ ਕੱਜੀ ਤੇਰੀ ਭੁੱਖ
ਜਿਹੜੀ ਪੀਜ਼ੇ-ਬਰਗਰਾਂ ਨਾਲ ਰੱਜਦਿਆਂ ਵੀ
ਅਤ੍ਰਿਪਤ ਰਹਿੰਦੀ ਹੈ
ਤੇ ਮਾਂ ਦੇ ਤੌੜੀ-ਰਿੱਝੇ ਸਾਗ 'ਤੇ ਤਰਦੇ
ਮੱਖਣ ਦੀ ਮਹਿਕ
ਤੇਰੀਆਂ ਆਂਦਰਾਂ ਨੂੰ ਖੋਹ ਪਾਉਂਦੀ ਰਹਿੰਦੀ ਹੈ



ਹਾਂ...ਮੈਂ ਤਾਂ ਤੇਰੀਆਂ ਉਹ ਹਾਕਾਂ ਵੀ ਸੁਣ ਲਈਆਂ ਨੇ
ਜਿਹੜੀਆਂ ਤੂੰ ਸੁੱਤਾ ਪਿਆ
ਪਿੰਡ ਦੀਆਂ ਟਾਹਲੀਆਂ ਕਿੱਕਰਾਂ ਨੂੰ ਮਾਰਦਾ ਹੈਂ
ਤੇ ਤੜਕੇ ਉੱਠਣ ਲਈ ਲਾਏ ਅਲਾਰਮ ਦੀ ਘੰਟੀ
ਦੋਸਤ ਦੇ ਸਾਈਕਲ ਦੀ ਘੰਟੀ ਲੱਗਣ 'ਤੇ
'ਆਉਨਾ...' ਕਹਿ ਤ੍ਰਭ੍ਰਕ ਕੇ ਉੱਠ ਬੈਠਦਾ ਹੈਂ
ਫਿਰ ਸਾਰਿਆਂ ਨੂੰ ਹੱਸਦਿਆਂ ਦੇਖ
ਛਿੱਥਾ ਜਿਹਾ ਹੋ ਮੁਸਕੁਰਾ ਪੈਂਦਾ ਹੈਂ

ਤੇ ਇਹ ਵੀ
ਕਿ ਜਦੋਂ ਤੇਰੇ ਦੇਸ ਦਾ ਕਿਸੇ ਨਾਲ ਮੈਚ ਹੁੰਦਾ ਹੈ
ਤਾਂ ਤੂੰ ਕੰਮ ਤੋਂ ਘਰ ਵਾਰ ਵਾਰ ਫ਼ੋਨ ਕਰਕੇ
ਸਕੋਰ ਪੁੱਛਦਾ ਹੈਂ
ਚੌਕਾ-ਛਿੱਕਾ ਲੱਗਣ 'ਤੇ ਬਾਘੀਆਂ ਪਾਉਂਦਾ ਹੈਂ
ਤੇ ਪੁਰਾਣੇ ਆੜੀਆਂ ਨੂੰ
ਵਧਾਈਆਂ ਦੇ ਐਸ. ਐਮ. ਐਸ. ਭੇਜਦਾ ਹੈਂ

ਤੇ ਇਹ ਵੀ ਦੱਸਾਂਗੀ
ਕਿ ਅਜੇ ਵੀ
ਕਿਸੇ ਨੂੰ ਦੇਸ ਲਈ ਜਹਾਜ਼ੇ ਚੜ੍ਹਦਿਆਂ ਦੇਖ
ਤੇਰੇ ਢਿੱਡ ਵਿੱਚ ਹੌਲ ਨਾਲ ਵਟ ਪੈਂਦੇ ਨੇ
ਤੇ ਉਨੀਂਦਰੀਆਂ ਪਲਕਾਂ ਸਲ੍ਹਾਬੀਆਂ ਜਾਂਦੀਆਂ ਨੇ

ਹਾਂ ਹਾਂ ...ਇਹ ਵੀ ਦੱਸਾਂਗੀ
ਕਿ ਤੂੰ ਹਰ ਵੇਲੇ ਹੀ
ਹਉਕੇ ਦੀ ਜੂਨ ਨਹੀਂ ਹੰਢਾਉਂਦਾ
ਸਗੋਂ ਹੇਰਵੇ ਦੀ ਜੂਹ ਟੱਪ ਕੇ
ਤੂੰ ਵਸੇਬੇ ਦਾ ਸਿਰਨਾਵਾਂ ਲੱਭ ਲਿਆ ਹੈ
ਤੇ ਕਸੂਰੀ ਜੁੱਤੀ ਵਿੱਚੋਂ ਪੈਰ ਕੱਢ ਕੇ
ਬੇਗਾਨੀ ਧਰਤੀ ਉੱਤੇ ਮੜਕ ਨਾਲ ਤੁਰਨਾ ਸਿੱਖ ਲਿਆ ਹੈ

ਤੇ ਇਹ ਵੀ
ਕਿ ਅੰਗਰੇਜ਼ੀ ਖੇਤਾਂ ਨੂੰ ਵੱਤਰ ਕਰਕੇ
ਤੂੰ ਬੀਜ ਦਿੱਤੇ ਨੇ
ਚੱਪਾ ਕੁ ਗਿੱਧੇ ਤੇ ਗਿੱਠ ਕੁ ਭੰਗੜੇ
ਤੇ ਓਪਰੀਆਂ ਪੌਣਾਂ ਵਿੱਚ ਰਲਾ ਦਿੱਤੀ ਹੈ
ਰਬਾਬ ਵਿੱਚੋਂ ਉੱਤਰਦੀ ਸੁੱਚੀ ਬਾਣੀ

ਕਿ ਜਦੋਂ ਪਹਿਲੀ ਉਡਾਰੀ ਮਾਰਨ ਵੇਲੇ
ਤੇਰੇ ਕਾਲਜੇ ਦਾ ਇੱਕ ਟੋਟਾ
ਉਸ ਧਰਤੀ 'ਤੇ ਰਹਿ ਗਿਆ ਸੀ
ਬਿਲਕੁਲ ਉਦੋਂ ਹੀ
ਉਸ ਦੇਸ ਦਾ ਇੱਕ ਟੁਕੜਾ
ਤੇਰੇ ਅੰਦਰ ਵੀ ਲਹਿ ਗਿਆ ਸੀ
ਤੇ ਤੂੰ ਇਸ ਧਰਤੀ ਉੱਤੇ
ਆਪਣਾ ਉਹੋ ਦੇਸ ਵਸਾ ਲਿਆ ਹੈ
ਆਪਣਾ ਉਹੋ ਦੇਸ ਵਸਾ ਲਿਆ ਹੈ।



ਤਪਦੇ ਰੇਗਿਸਤਾਨਾਂ ਦੇ ਵਿੱਚ
ਬੂਟਾ ਟਾਵਾਂ ਟਾਵਾਂ
ਵੱਡੇ ਹਾਦਸਿਆਂ ਵਿੱਚ ਉੱਗਣ
ਇਹ *'ਮਿੰਨੀ ਕਵਿਤਾਵਾਂ'*

## ਉਮਰ-ਕੈਦ

ਕਿੰਜ ਰਿਹਾਈ ਮਿਲੇ ਉਸ ਪਲ ਤੋਂ
ਜਦੋਂ ਸਜ–ਵਿਆਹੀ ਧੀ
ਅੰਮੜੀ ਦੀਆਂ ਆਸਾਂ–ਭਰੀਆਂ ਅੱਖਾਂ ਵਿੱਚ
ਆਪਣੀਆਂ ਡਬਡਬਾਈਆਂ ਅੱਖਾਂ ਪਾ ਕੇ ਕਹੇ
"ਮੈਂ ਤੇਰੇ ਘਰ ਆਖਰੀ ਹਾਸਾ ਹੱਸ ਚੁੱਕੀ ਮਾਂ..."

## ਚਿੱਠੀ

ਲੇਖਾਂ ਨੇ ਦਗ਼ਾ ਕੀਤਾ
ਲੀਕਾਂ ਨੇ ਬੇਵਫ਼ਾਈ
ਜਦ ਖੇਡਣੀਆਂ ਸੀ ਛਿਟੀਆਂ
ਮਟੀਆਂ ਤੋਂ ਚਿੱਠੀ ਆਈ।

## ਹੀਰਾ

ਇੱਕ ਹੀਰਾ ਸਾਡੇ ਬਾਬਲ ਲੱਭਿਆ
ਜਿੰਦੜੀ ਗਹਿਣੇ ਪਾ ਕੇ
ਉਹ ਹੀਰਾ ਸਾਡੀ ਜੀਭ ਦੇ ਉੱਤੇ
ਹੱਸਿਆ ਜ਼ਹਿਰ ਖਿੰਡਾ ਕੇ।

## ਅੱਗ

ਲੱਕੜਾਂ ਦੀ ਅੱਗ
ਬੁਝਾਈ ਜਾ ਸਕਦੀ ਹੈ
ਲਫ਼ਜ਼ਾਂ ਦੀ ਨਹੀਂ।

## ਬੌਂਣੇ

ਅਹਿਸਾਸਾਂ ਦੇ ਪਿੰਡੇ 'ਤੇ ਲੱਗੇ
ਫੱਟਾਂ ਨੂੰ ਦੇਖ ਕੇ
ਤੀਰ-ਤਲਵਾਰ ਬੌਂਣੇ ਹੋ ਜਾਂਦੇ ਨੇ।

## ਤਰਲਾ

ਨਾ ਪੁੱਟਿਓ ਕੋਈ ਤੋਪਾ ਇਹਦਾ
ਨਾ ਰੀਝਾਂ ਦੀ ਕਿਆਰੀ
ਵਟਣਾ ਲਾ ਕੇ ਦਿੱਤੀ ਜਿਹੜੀ
ਅੰਮੀ ਨੇ ਫੁਲਕਾਰੀ।



## ਦਰਦ

ਦਰਦ ਡੂੰਘਾ ਚੀਰਵਾਂ ਹੈ
ਪਰ ਦਵਾ ਕੋਈ ਨਹੀਂ
ਦੂਜਿਆਂ ਦੇ ਦਿਲ ਦੇ ਅੰਦਰ
ਝਾਕਦਾ ਕੋਈ ਨਹੀਂ।

## ਸੁਫ਼ਨੇ

ਨਾ ਅਸਾਂ ਕਿਧਰੇ ਪੱਟ ਹੰਢਾਏ
ਨਾ ਚਾਨਣ ਦੀਆਂ ਤਾਰਾਂ
ਸੁਫ਼ਨਿਆ ਵੇ! ਹਰ ਧਰਤੀ ਉੱਤੇ
ਸਾਡੇ ਲਈ ਕਟਾਰਾਂ।

## ਹਾਦਸਾ

ਮੁਹੱਬਤ ਤਾਂ ਕਦੀ ਵੀ ਕਤਲ ਹੋ ਸਕਦੀ ਹੈ
ਤਾਜਮਹਿਲ ਦੇ ਪ੍ਰਛਾਵੇਂ ਵਿੱਚ ਵੀ
ਮਹਿਬੂਬ ਦੀਆਂ ਬਾਹਾਂ ਵਿੱਚ ਵੀ
ਸੱਤ-ਫੇਰਿਆਂ ਦੇ ਅੱਧ-ਵਿਚਾਲੇ ਵੀ
ਤੇ ਫਿਰ ਤੁਹਾਡੀ ਜ਼ਿੰਦਗੀ ਵਿੱਚ
ਇਸ ਤੋਂ ਵੱਡਾ ਕੋਈ ਹਾਦਸਾ
ਹੋ ਹੀ ਨਹੀਂ ਸਕਦਾ।

## ਹੌਂਸਲਾ

ਮੰਜ਼ਿਲ ਦੂਰ ਸਹੀ, ਡਰਨਾ ਨਹੀਂ ਹੈ ਖ਼ੂਨੀ-ਮੋੜਾਂ ਤੋਂ
ਕੁਸ਼ਗਨੀ-ਧੂੜ ਦਾ ਤਾਂ ਇਕ ਵੀ ਬੱਸ ਦਾਗ਼ ਨਹੀਂ ਰਹਿਣਾ
ਜਿੰਦੜੀਏ! ਬੀਤੇ ਦਿਨ ਤਾਂ ਛਵ੍ਹੀਆਂ ਦਾ ਸਰਾਪ ਸੀ ਕੋਈ
ਜ਼ਖ਼ਮ ਤਾਂ ਇੰਜ ਭਰਨਗੇ, ਕਿ ਕੁਝ ਵੀ ਯਾਦ ਨਹੀਂ ਰਹਿਣਾ।

## ਸਿਤਾਰੇ

ਸਿਤਾਰੇ ਅੰਬਰਾਂ ਦੇ ਹੀ
ਰਾਤ ਰੌਸ਼ਨ ਨਹੀਂ ਕਰਦੇ,
ਤੂੰ ਚਾਹੇਂ ਤਾਂ
ਸਿਤਾਰੇ ਚੁੰਨੀ ਦੇ ਵੀ ਜਗਮਗਾ ਜਾਣੇ।

## ਜ਼ਿੰਦਗੀ

ਆ! ਝਿੰਮਣਾਂ 'ਤੇ ਲਟਕਦੇ ਅਸ਼ਕਾਂ 'ਚ ਨੂਰ ਭਰੀਏ
ਆ ਜਾ ਕਿ ਰੋਗਣ ਪੌਣ ਦੇ ਵਿੱਚ ਅਗਰਬੱਤੀ ਧਰੀਏ
ਸੁਨਾਮੀਆਂ ਦੇ ਰੁਦਨ ਦਾ ਗਿੱਲਾ ਗਿਲਾਫ ਲਾਹੀਏ
ਆ! ਜ਼ਿੰਦਗੀ ਨੂੰ ਫੇਰ ਆਪਾਂ 'ਜੀਣ-ਜੋਗੀ' ਕਰੀਏ।



## ਜਾਗ੍ਰਿਤੀ

ਜਿਹੜੇ ਹੱਥ ਨੇ ਮੇਰਾ ਇਹ ਹਸ਼ਰ ਕੀਤਾ,
ਰੇਖਾ ਉਹਦੀ ਹਰੇਕ ਮਿਟਾਵਾਂਗੀ ਮੈਂ
ਤੈਨੂੰ ਧਰਤੀ ਨੇ ਨਹੀਂਉਂ ਪਨਾਹ ਦੇਣੀ
ਬਣ ਕੇ ਨਵੀਂ ਸੀਤਾ ਜਦੋਂ ਆਵਾਂਗੀ ਮੈਂ।

## ਇਰਾਦੇ

ਇੱਕ ਦਿਨ ਹੰਘਾਲਣੇ ਮੈਂ ਸਭ ਪਤਾਲ
ਇੱਕ ਦਿਨ ਖਹਿਣਾ ਹੈ ਮੈਂ ਗਗਨਾਂ ਦੇ ਨਾਲ
ਬੋਚਣੀ, ਤਲੀਆਂ 'ਤੇ ਧਰਤੀ ਬੋਚਣੀ।

## ਬਰਸਾਤ

ਸ਼ਬਦ ਮੱਚੇ,
ਉੱਡ ਗਏ, ਬੱਦਲ ਬਣੇ
ਅਰਥਾਂ ਦੀ ਬਰਸਾਤ ਹੁਣ ਰੁਕਣੀ ਨਹੀਂ।

## ਤ੍ਰਿੰਜਣ

ਆਓ! ਹਿੰਮਤਾਂ ਦੇ ਹਲਟ ਜੋੜ ਲਈਏ
ਖੂਹ ਜ਼ਿੰਦਗੀ ਦਾ ਹੋਰ ਸੁੱਕੇ ਨਾ ਹੁਣ
ਚਰਖਾ ਫੇਰ ਤੋਂ ਗਿੜੇ ਖੁਸ਼ਹਾਲੀਆਂ ਦਾ
ਮਾਹਲ ਟੁੱਟੇ ਨਾ ਹੁਣ, ਹੱਥੀਂ ਛੁੱਟੇ ਨਾ ਹੁਣ
ਸਿੱਧਾ ਤੱਕਲਾ ਹੋਵੇ ਨਸੀਬ ਵਾਲਾ
ਘੂਕਰ ਰੁਕੇ ਨਾ ਹੁਣ, ਤੰਦ ਮੁੱਕੇ ਨਾ ਹੁਣ
ਤ੍ਰਿੰਜਣ ਫੇਰ ਤੋਂ ਛਿੜੇ ਮੁਹੱਬਤਾਂ ਦਾ
ਗੀਤ ਮੁੱਕੇ ਨਾ ਹੁਣ, ਹੇਕ ਟੁੱਟੇ ਨਾ ਹੁਣ।



ਕਿਰਨਾਂ ਦਾ ਝਾੜੂ ਲੈ ਕੇ
ਨਿੱਤ ਜਾਂ ਸਵੇਰ-ਕੁੜੀ
ਨੇਰ੍ਹਿਆਂ ਨੂੰ ਲਾਈ ਜਾਵੇ ਨੁੱਕਰੇ ਵੇ!
ਕੋਈ ***'ਗੀਤ'*** ਜ਼ਿਮੀਂ 'ਤੇ ਉੱਤਰੇ ਵੇ!

## * ਖੱਟੀ ਲੋਈ

ਮੈਨੂੰ ਲੈ ਦੇ ਸੱਜਣ ਖੱਟੀ ਲੋਈ! ਲੋਈ ਸਰ੍ਹੋਆਂ ਦੀ
ਪੀਲੇ ਰੰਗ ਦੀ ਨੀਲਾਮੀ ਹੋਈ! ਲੋਈ ਸਰ੍ਹੋਆਂ ਦੀ

ਕਿਸ ਮਿਰਜ਼ੇ ਨੇ ਖੇਤ ਇਹ ਵਾਹਿਆ ?
ਦਿਲ ਬੀਜ ਦੇ ਵਿੱਚ ਰਲਾਇਆ
ਹੁਣ ਖਿੜ ਕੇ ਵੰਡੇ ਖ਼ੁਸ਼ਬੋਈ, ਲੋਈ ਸਰ੍ਹੋਆਂ ਦੀ
ਮੈਨੂੰ ਲੈ ਦੇ ਸੱਜਣ ਖੱਟੀ ਲੋਈ! ਲੋਈ ਸਰ੍ਹੋਆਂ ਦੀ

ਇਹ ਤਾਂ ਸੁੱਚੜੇ ਵਾਅਦੇ ਨੇ ਪੁੱਗੇ
ਮੋਤੀ ਸੋਨੇ ਦੇ ਧਰਤੀ 'ਚੋਂ ਉੱਗੇ
ਪੀਲੇ ਮੋਤੀਆਂ ਵਿੱਚ ਪਰੋਈ ! ਲੋਈ ਸਰ੍ਹੋਆਂ ਦੀ
ਲੈ ਦੇ! ਲੈ ਦੇ! ਸੱਜਣ ਖੱਟੀ ਲੋਈ! ਲੋਈ ਸਰ੍ਹੋਆਂ ਦੀ

ਪਰ੍ਹੇ ਗੰਨੇ, ਉਰੇ ਹਰੇਵਾਈ
ਵਿੱਚ ਧੁੱਪ ਹੈ ਫੜ ਕੇ ਬਿਠਾਈ
ਵੇ ਮੈਂ ਤੱਕ ਕੇ ਸ਼ਰਾਬਣ ਹੋਈ, ਲੋਈ ਸਰ੍ਹੋਆਂ ਦੀ
ਮੈਨੂੰ ਲੈ ਦੇ ਸੱਜਣ ਖੱਟੀ ਲੋਈ! ਲੋਈ ਸਰ੍ਹੋਆਂ ਦੀ

ਬੰਨੇ ਬੰਨੇ ਸਫੈਦੇ ਨੇ ਸੋਂਹਦੇ
ਝੂਮ ਝੂਮ ਕੇ ਕਾਲਜਾ ਮੋਂਹਦੇ
ਲੈ ਨਾ ਜਾਵੇ ਮਜਾਜਣ ਕੋਈ, ਲੋਈ ਸਰ੍ਹੋਆਂ ਦੀ
ਲੈ ਦੇ! ਲੈ ਦੇ! ਸੱਜਣ ਖੱਟੀ ਲੋਈ! ਲੋਈ ਸਰ੍ਹੋਆਂ ਦੀ

ਦੂਰ ਚਮਕੇ ਪਹਾੜਾਂ ਦੀ ਸੱਗੀ
ਵੇ ਮੈਂ ਰੰਗਾਂ ਦੇ ਮੇਲੇ ਨੇ ਠੱਗੀ
ਅੱਜ ਰੁੱਤ ਨਵਾਬਣ ਹੋਈ, ਲੋਈ ਸਰ੍ਹੋਆਂ ਦੀ
ਮੈਨੂੰ ਲੈ ਦੇ ਸੱਜਣ ਖੱਟੀ ਲੋਈ! ਲੋਈ ਸਰ੍ਹੋਆਂ ਦੀ।

---

* ਸਰ੍ਹੋਂ ਦੇ ਪੂਰੇ ਖਿੜੇ ਹੋਏ ਖੇਤ ਨੂੰ ਦੇਖ ਕੇ, ਜਿਹੜਾ ਇਉਂ ਲੱਗਦਾ ਸੀ, ਜਿਵੇਂ ਧਰਤੀ ਨੇ ਪੀਲੀ ਸ਼ਾਲ ਲਈ ਹੋਈ ਹੈ

## ਸੁਫ਼ਨੇ ਉਨ੍ਹਾਬੀ ਰੰਗ ਦੇ

ਤੂੰ ਤਾਂ ਤੁਰ ਗਿਉਂ ਅੱਖਾਂ ਦੇ ਵਿੱਚ ਧਰਕੇ
ਸੁਫ਼ਨੇ ਉਨ੍ਹਾਬੀ ਰੰਗ ਦੇ...
ਹੁਣ ਡੁੱਲ੍ਹਦੇ ਕਟੋਰੇ ਭਰਕੇ
ਸੁਫ਼ਨੇ ਉਨ੍ਹਾਬੀ ਰੰਗ ਦੇ...

ਅੱਧੀ ਰਾਤ ਨੂੰ ਪਹਿਰ ਦੇ ਤੜਕੇ
ਤਾਰਿਆਂ ਦੀ ਪੰਡ ਖੁੱਲ੍ਹ ਗਈ
ਸਾਥੋਂ ਗਈ ਨਾ ਸੰਭਾਲੀ ਵਿੱਚ ਮੁੱਠੀ ਦੇ
ਮੁਹੱਬਤਾਂ ਦੀ ਖੰਡ ਡੁੱਲ੍ਹ ਗਈ
ਲੋਕੀ ਹੱਸਦੇ ਇਸ਼ਾਰੇ ਕਰਕੇ,
ਸੁਫ਼ਨੇ ਸ਼ਰਾਬੀ ਰੰਗ ਦੇ....

ਅਸੀਂ ਰਾਤ ਦੇ ਸਿਰਹਾਣੇ ਬਾਹਾਂ ਰੱਖ ਕੇ
ਜੋਗਣਾਂ ਦੇ ਦੇਸ ਤੁਰ ਗਏ
ਤੇਰੇ ਕੱਚੇ ਵੇ ਘੜੇ ਜਿਹੇ ਵਾਅਦੇ
ਪਾਣੀਆਂ ਦੇ ਵਿੱਚ ਖੁਰ ਗਏ
ਪੈਣੇ ਲੱਭਣੇ ਝਨਾਵਾਂ ਤਰਕੇ ,
ਸੁਫ਼ਨੇ ਚਨਾਬੀ ਰੰਗ ਦੇ.....

ਸੁੰਨ ਚੜ੍ਹ ਗਿਆ ਮਾਹੀ ਵੇ ਸਾਡੀ ਜਿੰਦ ਨੂੰ
ਗੜਿਆਂ ਦੀ ਸੇਜ ਹੋ ਗਈ
ਸਾਰੇ ਹਰਫ਼ ਵਸਲ ਦੇ ਗੂੜ੍ਹੇ
ਜੁਦਾਈ ਵਾਲੀ ਸੇਮ ਧੋ ਗਈ
ਨਹੀਂਉਂ ਉਡਦੇ ਰਹਿਣ ਸਦਾ ਡਰ ਕੇ
ਸੁਫ਼ਨੇ ਉਕਾਬੀ ਰੰਗ ਦੇ.....



ਰਾਤੀਂ ਲੱਗਦਾ ਸਰਾਪ ਸਾਡੀ ਨੀਂਦ ਨੂੰ
ਦਿਨੇ ਤੇਰੀ ਤੇਹ ਲੱਗਦੀ
ਬੱਘੀ ਸਾਹਾਂ ਦੀ ਰੁਕੇ ਨਾ ਇੱਕ ਪਲ ਵੀ
ਸਿਵਿਆਂ ਨੂੰ ਜਾਵੇ ਭੱਜਦੀ
ਬੁਝ ਜਾਣਗੇ ਰਾਖ ਠੰਢੀ ਕਰਕੇ
ਸੁਫ਼ਨੇ ਮਤਾਬੀ ਰੰਗ ਦੇ.....

ਤੂੰ ਤਾਂ ਤੁਰ ਗਿਉਂ ਅੱਖਾਂ ਦੇ ਵਿੱਚ ਧਰਕੇ
ਸੁਫ਼ਨੇ ਉਨ੍ਹਾਬੀ ਰੰਗ ਦੇ ....
ਹੁਣ ਡੁੱਲ੍ਹਦੇ ਕਟੋਰੇ ਭਰਕੇ
ਸੁਫ਼ਨੇ ਉਨ੍ਹਾਬੀ ਰੰਗ ਦੇ......।

## ਮੈਂ ਹਾਂ ਪੰਜਾਬੀ ਬੋਲੀ, ਮੇਰੇ ਲਾਡਲਿਓ !

ਮੈਂ ਹਾਂ ਪੰਜਾਬੀ ਬੋਲੀ , ਮੇਰੇ ਲਾਡਲਿਓ!
ਰਾਣੀ ਤੋਂ ਬਣ ਗਈ ਗੋਲੀ, ਮੇਰੇ ਲਾਡਲਿਓ!

ਮੈਂ ਮਿੱਠੜੀ ਗੁੜ੍ਹਤੀ ਬਣਕੇ
ਤੁਹਾਡੇ ਲਹੂ ਦੇ ਵਿੱਚ ਸਮਾਈ
ਫਿਰ ਮਾਂ ਦੇ ਸੀਰ ਦੇ ਅੰਦਰ
ਮੈਂ ਨਿੱਤ ਸ਼ੀਰਨੀ ਪਾਈ
ਜ਼ਿੰਦਗੀ ਦੀ ਕੁੰਡੀ ਖੋਲ੍ਹੀ, ਮੇਰੇ ਲਾਡਲਿਓ!

ਮੈਂ ਗਈ ਸਦੱਕੜੇ-ਵਾਰੀ
ਤੁਸੀਂ ਜਦ ਬੁੱਕਲ਼ ਵਿੱਚ ਆਏ
ਜਦ ਤੁਰੇ ਗੰਢੀਰਾ ਫੜ ਕੇ
ਮੈਂ ਸੌ ਸੌ ਸ਼ਗਨ ਮਨਾਏ
ਤੇ ਵੰਡੀ ਸ਼ੱਕਰ ਪੋਲੀ, ਮੇਰੇ ਲਾਡਲਿਓ!

ਬਚਪਨ ਦੇ ਝੱਗੇ ਨੂੰ ਮੈਂ
ਖੇਡਾਂ ਦਾ ਗੋਟਾ ਲਾਇਆ
ਤੇ ਰੰਗੀ ਛੈਲ ਜਵਾਨੀ
ਤੁਹਾਨੂੰ ਚੜ੍ਹਿਆ ਰੂਪ ਸਵਾਇਆ
ਫਿਰ ਚਾੜ੍ਹਿਆ ਘੋੜੀ ਡੋਲੀ, ਮੇਰੇ ਲਾਡਲਿਓ!

ਹਰ ਪਹਿਰ ਉਮਰ ਦਾ ਮੈਂ ਹੀ
ਗੀਤਾਂ ਦੇ ਨਾਲ ਸਜਾਇਆ
ਕਿਤੇ ਗਿੱਧੇ, ਕਿਧਰੇ ਭੰਗੜੇ
ਮੈ ਰੱਜ ਰੱਜ ਢੋਲ ਵਜਾਇਆ
ਵਜਾਏ ਘੜਾ-ਘੜੋਲੀ, ਮੇਰੇ ਲਾਡਲਿਓ!



ਹੁਣ ਤੁਸੀਂ ਉਡਾਰੂ ਹੋਏ
ਤੇ ਭੁੱਲ ਗਏ ਆਪਣੀ ਮਿੱਟੀ
ਮਾਂ-ਬੋਲੀ ਲੱਗੇ ਕਾਲ਼ੀ
ਬਾਕੀ ਹਰ ਬੋਲੀ ਚਿੱਟੀ
ਮਾਂ ਕੌਡੀਆਂ ਦੇ ਸੰਗ ਤੋਲੀ, ਮੇਰੇ ਲਾਡਲਿਓ!

ਜੋ ਆਪਣੀ ਮਾਂ ਨੂੰ ਨਿੰਦੇ
ਉਹਨੂੰ ਮਾਣ ਕਿਤੇ ਨਾ ਮਿਲਦਾ
ਬੱਸ ਹੋਵੇ ਜੱਗ-ਹਸਾਈ
ਸਨਮਾਨ ਕਿਤੇ ਨਾ ਮਿਲਦਾ
ਮੈਂ ਸੱਚ ਦੀ ਗੰਢੜੀ ਫੋਲੀ, ਮੇਰੇ ਲਾਡਲਿਓ!

ਮੈਂ ਤਾਜ ਤੁਹਾਡੇ ਸਿਰ ਦਾ
ਨਾ ਪੈਰਾਂ ਦੇ ਵਿੱਚ ਰੋਲ਼ੋ
ਭਾਵੇਂ ਸਿੱਖੋ ਹਰ ਇਕ ਬੋਲੀ
ਪਰ ਮਾਂ-ਬੋਲੀ ਵਿੱਚ ਬੋਲੋ
'ਪੈਂਤੀ' ਨਾਲ ਸਜੇ ਰੰਗੋਲੀ ਮੇਰੇ ਲਾਡਲਿਓ !

ਮੈਂ ਹਾਂ ਪੰਜਾਬੀ ਬੋਲੀ , ਮੇਰੇ ਲਾਡਲਿਓ!
ਮੈਨੂੰ ਰਹਿਣ ਦਿਓ ਨਾ ਗੋਲੀ, ਮੇਰੇ ਲਾਡਲਿਓ!

## ਪਰਦੇਸੀਂ ਜਾ ਰਹੇ ਪੁੱਤਾਂ ਦੇ ਨਾਂ....

ਲੱਗਿਆ ਵੀਜ਼ਾ ਹੋਈ ਤਿਆਰੀ
ਖ਼ੁਸ਼ੀਆਂ ਦੀ ਪੰਡ ਹੋ ਗਈ ਭਾਰੀ
ਇਸ ਮਿੱਟੀ ਦੀਆਂ ਮੁੱਠਾਂ ਨਾ ਪਰ ਥਿਆਉਣਗੀਆਂ
ਮਾਂ ਕਮਲੀ ਦੀਆਂ ਗੱਲਾਂ ਚੇਤੇ ਆਉਣਗੀਆਂ

ਡਾਲਰਾਂ ਵਾਲਾ ਦੇਸ ਬੁਲਾਏ
ਕਿਉਂ ਘਬਰਾਏਂ ਝੱਲੀਏ ਮਾਏ!
ਹੁਣ ਨਾ ਤੈਨੂੰ ਤੰਗੀਆਂ ਕਦੇ ਸਤਾਉਣਗੀਆਂ
ਪਰਦੇਸਾਂ ਦੀਆਂ ਮਿੱਟੀਆਂ ਰੰਗ ਦਿਖਾਉਣਗੀਆਂ

ਵੰਡ ਦਿੱਤਾ ਸਭ ਲੀੜਾ-ਲੱਤਾ
ਕਿੱਲੀ ਟੰਗਿਆ ਰਹਿ ਗਿਆ ਕੁੜਤਾ
ਉੱਤੇ ਕੱਢੀਆਂ ਮੋਰਨੀਆਂ ਤੜਫਾਉਣਗੀਆਂ
ਮਾਂ ਕਮਲੀ ਦੀਆਂ ਗੱਲਾਂ ਚੇਤੇ ਆਉਣਗੀਆਂ

ਬਕਸੇ ਵਿੱਚ ਕਿਤਾਬਾਂ ਭਰੀਆਂ
ਫੋਟੋਆਂ, ਟੇਪਾਂ ਨੁੱਕਰੇ ਧਰੀਆਂ
ਕੋਲੋਂ ਦੀ ਜਦ ਲੰਘੂੰਗੀ ਕੁਰਲਾਉਣਗੀਆਂ
ਮਾਂ ਕਮਲੀ ਦੀਆਂ ਗੱਲਾਂ ਚੇਤੇ ਆਉਣਗੀਆਂ

ਸੋਨੇ ਦਾ ਮਾਂ! ਮਹਿਲ ਪਵਾ ਦੂੰ
ਉੱਤੇ ਤੇਰਾ ਨਾਂ ਲਿਖਵਾ ਦੂੰ
ਚਾਚੀਆਂ ਤਾਈਆਂ ਅੱਗੇ ਪਿੱਛੇ ਭੌਣਗੀਆਂ
ਅੱਖਾਂ ਨਾ ਭਰ ਮਾਏ! ਖ਼ੁਸ਼ੀਆਂ ਆਉਣਗੀਆਂ



ਚੁੱਕ ਛਣਕਣਾ, ਗੇਂਦ, ਖਿਡੌਣਾ
ਫਿਰੂੰ ਟੋਲਦੀ ਰੌਣਾ-ਭੌਣਾ
ਦਾਦੀਆਂ ਹਿੱਸੇ ਹੁਣ ਇਹ ਜੂਨਾਂ ਆਉਣਗੀਆਂ
ਮਾਂ ਕਮਲੀ ਦੀਆਂ ਗੱਲਾਂ ਚੇਤੇ ਆਉਣਗੀਆਂ

ਹੱਥੀਂ ਕਦੇ ਨਾ ਪਾਣੀ ਪਾਇਆ
ਭਈਆਂ ਉੱਤੇ ਹੁਕਮ ਚਲਾਇਆ
ਕਿੱਦਾਂ ਪੁੱਤ ਮਜ਼ਦੂਰੀਆਂ ਤੈਥੋਂ ਹੋਣਗੀਆਂ ?
ਸੁਣ ਸੁਣ ਮੈਂ ਤੱਤੜੀ ਨੂੰ ਗਸ਼ੀਆਂ ਆਉਣਗੀਆਂ

ਮਾਂ ! ਤੇਰਾ ਪੁਤ ਸ਼ੇਰਾਂ ਵਰਗਾ
ਸ਼ੇਰਾਂ ’ਚੋਂ ਸ਼ਮਸ਼ੇਰਾਂ ਵਰਗਾ
ਖ਼ੁਦ ਤਕਦੀਰਾਂ ਮੈਥੋਂ ਲੇਖ ਲਿਖਾਉਣਗੀਆਂ
ਰਾਹ ਦੀਆਂ ਸੂਲਾਂ ਆਪਣਾ ਰੂਪ ਵਟਾਉਣਗੀਆਂ

ਰਾਹ ਵਿੱਚ ਤੇਰੇ ਵਿਛਣ ਗਲੀਚੇ
ਹਰੀਆਂ ਛਾਵਾਂ, ਸੁਰਖ਼ ਬਗੀਚੇ
ਏਥੇ ਸਾਰੀਆਂ ਵੇਲਾਂ ਪਰ ਕੁਮਲਾਉਣਗੀਆਂ
ਮਾਂ ਕਮਲੀ ਦੀਆਂ ਗੱਲਾਂ ਚੇਤੇ ਆਉਣਗੀਆਂ

ਚੰਗਾ ਹੁਣ ਤੂੰ ਰੱਬ ਹਵਾਲੇ!
ਸਭ ਅਸੀਸਾਂ ਲੈ ਜਾ ਨਾਲੇ!
ਏਹੀ ਤੇਰੀ ਔਖੀ ਘੜੀ ਲੰਘਾਉਣਗੀਆਂ
ਮਾਂ ਕਮਲੀ ਦੀਆਂ ਗੱਲਾਂ ਚੇਤੇ ਆਉਣਗੀਆਂ।

## ਬੈਰੀ ਤੋੜਨ ਬਾਬਲਾ ! ਵੇ....

ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ
ਅੱਥਰੂ ਰੋੜ੍ਹਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ

ਜਾਣ ਕੇ ਸੁਰਗ ਕੈਨੇਡਾ,
ਡੋਲੀ ਵਿੱਚ ਜਹਾਜ਼ ਦੀ ਚੜ੍ਹੀਆਂ
ਨਿਰਮੋਹੀ ਧਰਤੀ ਦੇ ਉੱਤੇ,
ਡੌਰ-ਭੌਰੀਆਂ ਖੜ੍ਹੀਆਂ
ਆਪਣੇ ਲੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ
ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ

ਕੈਂਠੀ ਵਿੱਚ ਪਰੋਇਆ ਸੁਫ਼ਨਾ
ਟੋਟੇ ਟੋਟੇ ਹੋਇਆ
ਗਰੀਨ-ਹਾਊਸ ਦੇ ਸ਼ੀਸ਼ੇ ਦੇ ਵਿੱਚ
ਧਾਹਾਂ ਮਾਰ ਕੇ ਰੋਇਆ
ਟੋਟੇ ਜੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ
ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ

ਸਿਰ ਤੋਂ ਸੂਹੇ ਸੁੱਭਰ ਲਹਿ ਗਏ
ਫਰਜ਼-ਚਾਦਰਾਂ ਤਣੀਆਂ
ਡਾਲਰ 'ਕੱਠੇ ਕਰਨ ਵਾਲੀਆਂ
ਅੱਜ ਮਸ਼ੀਨਾਂ ਬਣੀਆਂ
ਜਿਸਮ ਨਿਚੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ
ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ



ਗੁੱਡੀਆਂ ਵਾਂਗਰ ਤੇਰੇ ਵਿਹੜੇ
ਰਹਿ ਗਏ ਰੋਸੇ-ਹਾਸੇ
ਨਾ ਕੋਈ ਮੂੰਹ ਵਿੱਚ ਬੁਰਕੀ ਪਾਵੇ
ਨਾ ਕੋਈ ਦਏ ਦਿਲਾਸੇ
ਮੱਥਾ ਫੋਹੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ
ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ

ਹਾੜ੍ਹਾ ਵੇ! ਬਿਨ ਦੇਖੇ ਪਰਖੇ
ਨਾ ਕੋਈ ਧੀਆਂ ਵਿਆਹਿਓ!
ਨਾ ਕੋਈ ਇਹਨਾਂ ਕੂੰਜਾਂ ਨੂੰ
ਇਉਂ ਜਾਲ਼ ਲਗਾ ਕੇ ਫਾਹਿਓ!
ਉੱਡਣਾ ਲੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ
ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ।

## ਅਸੀਂ ਕੂਜਾ-ਮਿਸ਼ਰੀ ਦੀਆਂ ਡਲੀਆਂ

ਅਸੀਂ ਕੂਜਾ-ਮਿਸ਼ਰੀ ਦੀਆਂ ਡਲੀਆਂ
ਕੰਢਿਆਂ ਤੋਂ ਟੁੱਟ, ਜੀ! ਰਹੀਆਂ
ਅਸੀਂ ਲਵੀਆਂ ਗੁਆਰ ਦੀਆਂ ਫਲੀਆਂ
ਔੜਾਂ ਵਿੱਚ ਸੁੱਕ, ਜੀ! ਰਹੀਆਂ....

ਕੁੱਖ ਮਾਵਾਂ ਦੀ ਕਤਲਗਾਹ ਹੋਈ
ਸਾਡਾ ਜੱਗ ’ਤੇ ਸਾਕ ਨਾ ਕੋਈ
ਬਿਨਾਂ ਦੋਸ਼ ਤੋਂ ਸਜ਼ਾਵਾਂ ਸੁਣਕੇ
ਰੋ ਰੋ ਕਰ ਚੁੱਪ, ਜੀ! ਗਈਆਂ
ਸਾਡੇ ਟੁੱਟ ਗਏ ਧੌਣ ਦੇ ਮਣਕੇ
ਦੁਨੀਆਂ ਤੋਂ ਉੱਠ, ਜੀ! ਰਹੀਆਂ.....

ਕੀਤੇ ਡੱਬੀਆਂ ’ਚ ਕੈਦ ਦੰਦਾਸੇ
ਸਾਡੇ ਹੋਂਠਾਂ ਤੋਂ ਲਾਹ ਲਏ ਹਾਸੇ
ਅਸੀਂ ਲੀਰੋ-ਲੀਰ ਹੋਈਆਂ ਗੁੱਡੀਆਂ
ਨ੍ਹੇਰੀਆਂ ’ਚ ਉੱਡ, ਜੀ! ਰਹੀਆਂ
ਸਾਰੇ ਅੱਥਰੂ ਰੁਮਾਲ ਵਿੱਚ ਬੰਨ੍ਹ ਕੇ
ਜ਼ਿੱਲ੍ਹਤਾਂ ਨੂੰ ਚੁਗ, ਜੀ! ਰਹੀਆਂ.....



ਪੇਕੀਂ ਦਾਈਏ ਨਾ ਸਹੁਰੀਂ ਦਾਅਵੇ
ਸਾਨੂੰ ਨਿੱਤ ਪਿਘਲਦੇ ਲਾਵੇ
ਅਸੀਂ ਕੱਚ ਦੀਆਂ ਕਿਰਚਾਂ ਚਬਾ ਕੇ
ਲਹੂ ਵਿੱਚ ਭਿੱਜ, ਜੀ! ਰਹੀਆਂ
ਜਿੰਦੇ ਲਾ ਕੇ ਖ਼ਾਮੋਸ਼ੀਆਂ ਵਾਲੇ
ਵਿੱਚੇ ਵਿੱਚ ਰਿੱਝ, ਜੀ! ਰਹੀਆਂ......

ਸਾਡੇ ਦੁਖਣ ਅੱਖਾਂ ਦੇ ਕੋਏ
ਸਾਡੇ ਸਬਰ ਨੇ ਬਾਗੀ ਹੋਏ
ਦੇ ਕੇ ਪੁੱਠਿਆਂ ਮੁਕੱਦਰਾਂ ਨੂੰ ਗੇੜੇ
ਹੌਲੀ ਹੌਲੀ ਪੁੱਗ, ਜੀ! ਰਹੀਆਂ
ਅਸੀਂ ਸਿਵਿਆਂ ਦੀ ਰਾਖ ਦੇ ਅੰਦਰੋਂ
ਹੌਲੀ ਹੌਲੀ ਉੱਗ, ਜੀ! ਰਹੀਆਂ.......।

## ਕਦੇ ਵਿਸਰਦਾ ਨਹੀਂਉਂ ਬਾਬਲ ਧਰਮੀ ਦਾ ਦੇਸ

ਹੋਵੇ ਚੜ੍ਹਦੀ ਉਮਰ, ਭਾਵੇਂ ਲਹਿੰਦੀ ਵਰੇਸ
ਕਦੇ ਵਿਸਰਦਾ ਨਹੀਂਉਂ ਬਾਬਲ ਧਰਮੀ ਦਾ ਦੇਸ

ਪੋਲੇ ਪੱਬੀਂ ਤੁਰ ਪੈਂਦੈ ਇਹ ਤਾਂ ਡੋਲੀ ਦੇ ਪਿੱਛੇ
ਰਹੇ ਦਿੰਦਾ ਦੁਆਵਾਂ , ਤੱਤੀ ਠੰਢੜੀ ਰੁੱਤੇ
ਸੌਂਦੈ ਰੂਹ ਦੇ ਪੰਘੂੜੇ ਲੈ ਕੇ ਯਾਦਾਂ ਦਾ ਖੇਸ
ਕਦੇ ਵਿਸਰਦਾ ਨਹੀਂਉਂ ......

ਭਾਵੇਂ ਮਾਹੀ ਵਿਛਾਵੇ, ਪੈਰੀਂ ਮੋਹਰਾਂ ਦੀ ਥਾਲੀ
ਭਾਵੇਂ ਸਰਘੀ ਨੂੰ ਹੋਲੀ , ਭਾਵੇਂ ਰਾਤੀਂ ਦੀਵਾਲੀ
ਇੱਕ ਦੀਵਾ ਬਲੇ ਜੀ , ਦੂਰ ਅੰਬਰ ਦੇ ਹੇਠ
ਕਦੇ ਵਿਸਰਦਾ ਨਹੀਂਉਂ.......

ਇਹਦਾ ਰਿਸ਼ਤਾ ਏ ਛੇਕੜ ਵਾਲੇ ਸਾਹਾਂ ਦੇ ਨਾਲ
ਨਿਭੇ ਧੀਆਂ ਦੇ ਨਾਲ , ਨਿਭੇ ਮਾਵਾਂ ਦੇ ਨਾਲ
ਚਾਂਦੀ ਰੰਗੇ ਹੋ ਜਾਣ ਭਾਵੇਂ ਸ਼ਾਹ ਕਾਲੇ ਕੇਸ
ਕਦੇ ਵਿਸਰਦਾ ਨਹੀਂਉਂ........

ਭਾਵੇਂ ਬੰਨ੍ਹ ਕੇ ਰੱਖੇ ਜੀ! ਪਰਦੇਸਾਂ ਦੀ ਮਿੱਟੀ
ਫਿਰ ਵੀ ਆਪਣੇ ਪਿੰਡ ਜੇਹੀ ਕਿਧਰੇ ਨਾ ਮਿੱਠੀ
ਤਨ ਝੂਟਦੈ ਪੀਂਘਾਂ, ਮਨ ਕਰਦੈ ਕਲੇਸ
ਕਦੇ ਵਿਸਰਦਾ ਨਹੀਂਉਂ ਬਾਬਲ ਧਰਮੀ ਦਾ ਦੇਸ

ਹੋਵੇ ਚੜ੍ਹਦੀ ਉਮਰ , ਭਾਵੇਂ ਲਹਿੰਦੀ ਵਰੇਸ
ਕਦੇ ਵਿਸਰਦਾ ਨਹੀਂਉਂ ਬਾਬਲ ਧਰਮੀ ਦਾ ਦੇਸ।



## ਦੂਰ ਦੇਸ ਨੂੰ ਤੁਰ ਗਏ ਬਾਬਲ !

ਕਹਿੰਦੇ ਨੇ ਬੱਸ ਬੰਦਾ ਖੁਰਦੈ
ਬਾਕੀ ਜੱਗ ਤਾਂ ਉਵੇਂ ਤੁਰਦੈ
ਸਾਡੇ ਲਈ ਤਾਂ ਜੱਗ ਹੀ ਖੁਰਿਆ
ਖੁਰ ਗਿਆ ਸਭ ਕੁਝ ਲੈ ਕੇ ਨਾਲ
ਦੂਰ ਦੇਸ ਨੂੰ ਤੁਰ ਗਏ ਬਾਬਲ!
ਕੀ ਕੁਝ ਤੁਰ ਗਿਆ ਤੇਰੇ ਨਾਲ....

ਨਾ ਸਾਡੇ ਖੇਡਣ ਦੀਆਂ ਪੈੜਾਂ
ਨਾ ਉਹ ਵਿਹੜਾ, ਨਾ ਉਹ ਗਲੀਆਂ
ਨਾ ਆਥਣ ਦੀ ਚੌਕਠ ਉੱਤੇ
ਰਾਤ ਦੀ ਰਾਣੀ ਕੇਰੇ ਕਲੀਆਂ
ਡਿੱਗੀਆਂ ਕੰਧਾਂ, ਢਹਿ ਗਏ ਕੋਠੇ
ਕੀ ਕੁਝ ਭੁਰ ਗਿਆ ਤੇਰੇ ਨਾਲ
ਦੂਰ ਦੇਸ ਨੂੰ ਤੁਰ ਗਏ ਬਾਬਲ!
ਕੀ ਕੁਝ ਤੁਰ ਗਿਆ ਤੇਰੇ ਨਾਲ...

ਨਾ ਉਹ ਥੜ੍ਹਾ, ਜਿਹਦੇ 'ਤੇ ਬਹਿ ਕੇ
ਮੈਂ ਗੁੱਡੀਆਂ ਦੀ ਜੰਜ ਸਦਾਈ
ਨਾ ਉਹ ਖੁਰਲੀ, ਜਿਸ 'ਤੇ ਚੜ੍ਹ ਕੇ
ਮੈਂ ਮਾਹੀ ਦੀ ਝਾਤੀ ਪਾਈ
ਐਸੀ ਕਾਂਗ ਹੁਕਮ ਦੀ ਆਈ
ਸਭ ਕੁਝ ਰੁੜ੍ਹ ਗਿਆ ਤੇਰੇ ਨਾਲ
ਦੂਰ ਦੇਸ ਨੂੰ ਤੁਰ ਗਏ ਬਾਬਲ!
ਕੀ ਕੁਝ ਤੁਰ ਗਿਆ ਤੇਰੇ ਨਾਲ......

ਜਿਸ ਬੈਠਕ ਵਿੱਚ ਗੂੰਜੇ ਹਾਸੇ
ਉਹ ਬੈਠਕ ਖ਼ਾਮੋਸ਼ ਬੜੀ ਹੈ
ਜਿਹੜੀ ਨਿੰਮ ਨੂੰ ਲੱਗੇ ਪਤਾਸੇ
ਰੁੰਡ-ਮੁੰਡ ਪਿੰਜਰ ਵਾਂਗ ਖੜ੍ਹੀ ਹੈ
ਹਰ ਰਿਸ਼ਤਾ ਜਿਉਂ ਸੁੱਕਿਆ ਪੱਤਾ
ਸੁੱਕ ਕੇ ਮੁੜ ਗਿਆ ਤੇਰੇ ਨਾਲ
ਦੂਰ ਦੇਸ ਨੂੰ ਤੁਰ ਗਏ ਬਾਬਲ!
ਕੀ ਕੁਝ ਤੁਰ ਗਿਆ ਤੇਰੇ ਨਾਲ.....

ਹੁਣ ਤਾਂ ਲੋਭ ਨੇ ਚੁਕੀਆਂ ਸਿਰੀਆਂ
ਹੁਣ ਤਾਂ ਕੋਈ ਨਾ ਸਿਰ ਪਲੋਸੇ
ਨਾ ਬਹੁਲ਼ੀ ਦਾ ਛੰਨਾ ਮਿਲਦਾ
ਨਾ 'ਸੀਸਾਂ ਦੇ ਮਿਲਣ ਪਰੋਸੇ
ਤੂੰ 'ਕੱਲਾ ਨਹੀਂ ਤੁਰਿਆ ਬਾਬਲ
ਪਿੰਡ ਈ ਤੁਰ ਗਿਆ ਤੇਰੇ ਨਾਲ
ਦੂਰ ਦੇਸ ਨੂੰ ਤੁਰ ਗਏ ਬਾਬਲ!
ਕੀ ਕੁਝ ਤੁਰ ਗਿਆ ਤੇਰੇ ਨਾਲ...।



## ਮਾਏ ਨੀ ! ਸਾਨੂੰ ਝਾਂਜਰਾਂ ਮੇਚ ਨਾ ਆਈਆਂ

ਮਾਏ ਨੀ ! ਸਾਨੂੰ ਝਾਂਜਰਾਂ ਮੇਚ ਨਾ ਆਈਆਂ
ਹਾਏ ਨੀ ! ਸਾਨੂੰ ਝਾਂਜਰਾਂ ਮੇਚ ਨਾ ਆਈਆਂ
ਵਿੱਚ ਸੰਦੂਕ ਦੇ ਰਹਿਗੀਆਂ ਧਰੀਆਂ
ਨਾ ਕੱਢੀਆਂ ਨਾ ਪਾਈਆਂ
ਮਾਏ ਨੀ! ਸਾਨੂੰ ਝਾਂਜਰਾਂ ਮੇਚ ਨਾ ਆਈਆਂ.....

ਇੱਕ ਝਾਂਜਰ ਸਾਡੀ ਰੂਹ ਦੀ ਬੇੜੀ
ਇੱਕ ਜਨਮਾਂ ਦੀ ਭਟਕਣ
ਇੱਕ ਝਾਂਜਰ ਜਦ ਅੰਗ ਲਗਾਵਾਂ
ਚਾਰ ਦਿਸ਼ਾਵਾਂ ਥਿਰਕਣ
ਲੱਭਦੇ ਨਾ ਅਗਲੇ ਦਰਵਾਜ਼ੇ, ਢੂੰਢ ਢੂੰਢ ਕੁਰਲਾਈਆਂ
ਮਾਏ ਨੀ! ਸਾਨੂੰ ਝਾਂਜਰਾਂ ਮੇਚ ਨਾ ਆਈਆਂ.....

ਇੱਕ ਝਾਂਜਰ ਰੁੱਸਦੀ, ਇੱਕ ਮੰਨਦੀ
ਇੱਕ ਝਾਂਜਰ ਵੈਰਾਗਣ
ਇੱਕ ਝਾਂਜਰ ਨਿੱਤ ਕੰਜ-ਕੁਆਰੀ
ਇੱਕ ਤਾਂ ਸਦਾ ਸੁਹਾਗਣ
ਬਾਕੀ ਸਭ ਦੇ ਸਾਲੂ ਫਿੱਕੇ, ਚੱਲੀਆਂ ਬਿਨ-ਮੁਕਲਾਈਆਂ
ਮਾਏ ਨੀ! ਸਾਨੂੰ ਝਾਂਜਰਾਂ ਮੇਚ ਨਾ ਆਈਆਂ.....

ਇੱਕ ਝਾਂਜਰ ਦੇ ਬੋਰ ਉਲਝ ਗਏ
ਇੱਕ ਦੇ ਝੜ ਗਏ ਸਾਰੇ
ਇੱਕ ਝਾਂਜਰ ਦੇ ਘੁੰਗਰੂ ਉੱਡ ਕੇ
ਬਣੇ ਅਰਸ਼ ਦੇ ਤਾਰੇ
ਜਿੱਥੋਂ ਤੁਰੀਆਂ ਉੱਥੇ ਖੜ੍ਹੀਆਂ, ਖਿੜੀਆਂ ਨਾ ਕੁਮਲਾਈਆਂ
ਮਾਏ ਨੀ! ਸਾਨੂੰ ਝਾਂਜਰਾਂ ਮੇਚ ਨਾ ਆਈਆਂ.....

ਵਿੱਚ ਸੰਦੂਕ ਦੇ ਰਹਿਗੀਆਂ ਧਰੀਆਂ
ਨਾ ਕੱਢੀਆਂ ਨਾ ਪਾਈਆਂ
ਮਾਏ ਨੀ! ਸਾਨੂੰ ਝਾਂਜਰਾਂ ਮੇਚ ਨਾ ਆਈਆਂ.....।



ਕਦੀ ਕਦੀ ਜਦ ਆਉਣ ਰੁੱਤਾਂ
ਕਾਲੇ ਬੱਦਲਾਂ ਵਰਗੀਆਂ
ਕਲਮ ਦੇ ਵਿਹੜੇ 'ਚ ਲੱਥਣ
ਕਣੀਆਂ ***'ਗ਼ਜ਼ਲਾਂ'*** ਵਰਗੀਆਂ

## ਜਿੱਥੇ ਸੀ ਜਾਣੋਂ ਵਰਜਿਆ .....

ਜਿੱਥੇ ਸੀ ਜਾਣੋਂ ਵਰਜਿਆ, ਦਿਲ ਓਸੇ ਘਰ ਗਿਆ।
ਮਿਲੀਆਂ ਜਾਂ ਬੇਨਿਆਜ਼ੀਆਂ ਸਰਦਲ 'ਤੇ ਮਰ ਗਿਆ।

ਪਿੰਜਰ ਪਏ ਸੀ ਖਿੱਲਰੇ, ਬਿੱਖਰੀ ਪਈ ਸੀ ਰੇਤ,
ਜਦ ਵਾਸਨਾ ਦੇ ਹੜ੍ਹਾਂ ਦਾ ਪਾਣੀ ਉਤਰ ਗਿਆ।

ਚੁੰਨੀ 'ਚ ਬੰਨ੍ਹੀ ਅੱਗ ਦਾ ਭਾਂਬੜ ਅਜੀਬ ਹੈ,
ਠਹਿਰੀ ਹਵਾ ਤਾਂ ਬਲ ਪਿਆ, ਚੱਲੀ ਤਾਂ ਠਰ ਗਿਆ।

ਰਾਤੀਂ ਜੋ ਆਪਾਂ ਬੀਜਿਆ ਸੀ ਤਾਰਿਆਂ ਦਾ ਖੇਤ,
ਸੂਰਜ ਦਾ ਘੋੜਾ ਅੱਥਰਾ ਸਾਰਾ ਹੀ ਚਰ ਗਿਆ।

ਫੋਨਾਂ ਦੀ ਰੁੱਤੇ , ਤਾਰਾਂ ਉੱਤੇ ਕਾਂ ਉਦਾਸ ਨੇ,
ਗੋਰੀ ਦੇ ਚੂਰੀ ਪਾਉਣ ਦਾ ਮੌਸਮ ਗੁਜ਼ਰ ਗਿਆ।

ਪੂੰਝੇ ਮੈਂ ਹੰਝੂ ਆਪਣੇ ਕੁਝ ਇਸ ਅਦਾ ਦੇ ਨਾਲ,
ਮੇਰੀ ਤਲੀ ਦੇ ਉੱਤੇ , ਤੇਰਾ ਨਾਂ ਨਿਖਰ ਗਿਆ।

ਚਾਨਣ ਦੇ ਇਨਕਲਾਬ ਦਾ ਇਕੋ ਅਸੂਲ ਹੈ,
ਚਾਨਣ ਲਈ ਜੋ ਬਲ ਗਿਆ, ਚਾਨਣ 'ਚ ਰਲ ਗਿਆ।

## ਨਹਿਰਾਂ ਦੇ ਕੰਢੇ ਕੰਢੇ.....

ਨਹਿਰਾਂ ਦੇ ਕੰਢੇ ਕੰਢੇ, ਬਿਰਖਾਂ ਦੇ ਕੋਲ ਕੋਲ।
ਲਿਖੀ ਗਈ ਇਬਾਰਤ ਹੈ ਖ਼ੂਨ ਡੋਲ੍ਹ ਡੋਲ੍ਹ।

ਸੂਰਜ ਨੇ ਪੜ੍ਹ ਲਈ ਹੈ, ਸਮਿਆਂ ਨੇ ਸੁਣ ਲਈ ਹੈ
ਪੌਣਾਂ ਨੇ ਜਿਹੜੀ ਪੋਥੀ, ਰੱਖੀ ਹੈ ਖੋਲ੍ਹ ਖੋਲ੍ਹ।

ਕਿੱਦਾਂ ਲੁਕਾ ਲਓਗੇ ਪਾਣੀ ਦੇ ਹੇਠ ਦੀਵਾ ?
ਕਿਹੜਾ ਨਿਆਂ ਕਰੋਗੇ ਨੇਰ੍ਹੇ ਨੂੰ ਫੋਲ ਫੋਲ ?

ਪਛਤਾਵਿਆਂ ਦੀ ਠੰਢਕ ਨਹੀਂਉਂ ਸਹਾਰ ਹੋਣੀ,
ਜਜ਼ਬਾਤ ਬਰਫ਼ ਵਾਂਗੂੰ ਵੇਚੋ ਨਾ ਤੋਲ ਤੋਲ।

ਨਫਰਤ ਨੇ ਵਿੰਗੀ ਕੀਤੀ, ਬੰਬਾਂ ਨੇ ਚਿੱਬ ਪਾਏ,
ਪਹਿਲਾਂ ਤਾਂ ਧਰਤ ਸਾਰੀ ਹੁੰਦੀ ਸੀ ਗੋਲ਼ ਗੋਲ਼।

ਕਿੱਥੇ ਹੈ ਲੈ ਕੇ ਆਈ ਸਾਡੀ ਪਿਆਸ ਸਾਨੂੰ,
ਬਾਰੂਦ ਪੀ ਰਹੇ ਹਾਂ ਪਾਣੀ 'ਚ ਘੋਲ਼ ਘੋਲ਼।

ਤੈਨੂੰ ਤਲਾਸ਼ਦੀ ਮੈਂ ਪੁਲਾੜ ਤੀਕ ਆਈ,
ਲਾਹ ਕੇ ਨਕਾਬ ਨੀਲੀ ਕੋਈ ਤਾਂ ਬੋਲ ਬੋਲ।



## ਨਦੀਆਂ ਦੀ ਉਡੀਕ ਇਉਂ....

ਨਦੀਆਂ ਦੀ ਉਡੀਕ ਇਉਂ ਸਾਗਰ ਨੂੰ ਤੜਪਾਉਂਦੀ ਰਹੀ।
ਹਰ ਲਹਿਰ ਰੇਤੇ ਦੇ ਉੱਤੇ ਔਸੀਆਂ ਵਾਹੁੰਦੀ ਰਹੀ।

ਦਿਲ 'ਚੋਂ ਨਿੱਕਲ ਕੇ ਅੱਖਾਂ ਦੇ ਸਾਗਰ ਤੀਕਰ ਪਹੁੰਚਦੀ,
ਇਕ ਨਦੀ ਸੀ ਜਿਹਦੇ ਵਿੱਚ ਕਵਿੱਤਾ ਮੇਰੀ ਨਾਹੁੰਦੀ ਰਹੀ।

ਮੀਚ ਕੇ ਬੁਲ੍ਹੀਆਂ, ਜੋ ਗੱਲ ਬੋਲੀ ਸੀ ਤੂੰ ਵਿੱਚ ਭੀੜ ਦੇ,
ਤਨਹਾਈ ਦੀ ਚੁੱਪ ਨੂੰ ਗੋਟਾ ਉਹੀ ਲਾਉਂਦੀ ਰਹੀ।

ਡੰਗ ਸੀ ਬਿਛੂਆਂ ਦੇ ਜਾਂ ਫਿਰ ਸਫਰ ਸੀ ਤਲਵਾਰ ਦਾ,
ਪੀੜ ਮੇਰੀ ਹਿੱਕ ਦੀ ਜ਼ੰਜੀਰ ਛਣਕਾਉਂਦੀ ਰਹੀ।

ਵੇਸ ਕੰਡਿਆਲਾ ਜਿਹਾ , ਖ਼ੁਸ਼ਬੋ ਦਾ ਪਹਿਰਾ ਆਸ-ਪਾਸ,
ਜ਼ਿੰਦਗੀ ਮੇਰੀ ਗਲੀ ਵਿੱਚ ਇਸ ਤਰ੍ਹਾਂ ਆਉਂਦੀ ਰਹੀ।

ਨਾ ਲਿਖੀ ਤੂੰ, ਨਾ ਪੜ੍ਹੀ ਮੈਂ , ਹੋ ਗਈ ਬਦਨਾਮ ਪਰ,
ਚਿੱਠੀ ਉਹ ਜੋ ਸੁਫ਼ਨਿਆਂ ਦੀ ਡਾਕ ਵਿੱਚ ਆਉਂਦੀ ਰਹੀ।

ਤੇਰਿਆਂ ਖੰਭਾਂ 'ਤੇ ਉੱਡੀ ਹਾਂ ਇਹ ਕਿਸਮਤ ਹੈ ਮੇਰੀ,
ਉਂਜ ਸੁਣਿਐ ਹਰ ਚਿੜੀ ਪਿੰਜਰੇ 'ਚ ਕੁਰਲਾਉਂਦੀ ਰਹੀ।

## ਮੌਸਮ ਦੇ ਰੰਗ ਨਾਲ......

ਮੌਸਮ ਦੇ ਰੰਗ ਨਾਲ , ਜਾਂ ਤੇਰੇ ਖਿਆਲ ਨਾਲ।
ਦਿਲ ਗ਼ਜ਼ਲ ਗੁਣਗੁਣਾ ਰਿਹੈ, ਧੜਕਣ ਦੀ ਤਾਲ ਨਾਲ।

ਓਨਾ ਹੀ ਲਿਸ਼ਕਿਆ ਹੈ ਇਹ, ਓਨਾ ਹੀ ਚਮਕਿਐ,
ਮੈਂ ਪੂੰਝਿਆ ਹੈ ਨਾਂ ਤੇਰਾ, ਜਿੰਨਾ ਰੁਮਾਲ ਨਾਲ।

ਤੇਰਾ ਤੇ ਮੇਰਾ ਸਾਕ ਵੀ ਓਨਾ ਹੁਸੀਨ ਹੈ,
ਜਿੰਨਾ ਹੁਸੀਨ ਰੱਬ ਦਾ , ਪੂਜਾ ਦੇ ਥਾਲ਼ ਨਾਲ।

ਰੰਗਣੇ ਨੇ ਜੇ ਨਸੀਬ ਤੂੰ ਹੋਲੀ ਦੇ ਵਾਂਗਰਾਂ,
ਮੱਥੇ 'ਤੇ ਲਾ ਲੈ ਨਾਂ ਮੇਰਾ, ਪੀਹ ਕੇ ਗੁਲਾਲ ਨਾਲ।

ਪਾਈ ਦੁਹਾਈ ਉਮਰ ਭਰ, ਜਿਹਦੀ ਪਿਆਸ ਦੀ,
ਮੋੜੀ ਨਦੀ ਜਾਂ ਆਈ ਉਹ, ਕੁੱਛੜ ਦੇ ਬਾਲ ਨਾਲ।

ਕੁਝ ਸ਼ਿਕਵੇ, ਕੁਝ ਰੋਸੜੇ ਤੇ ਕਿੰਨਾ ਸਾਰਾ ਪਿਆਰ,
ਕੀ ਕੁਝ ਹੈ ਬਾਹਰ ਆ ਗਿਆ, ਦਿਲ ਦੇ ਉਬਾਲ ਨਾਲ।

ਸਮਿਆਂ ਨੇ ਜਿਹੜੇ ਵੱਢ 'ਤੇ ਬੇਦੋਸੀਆਂ ਦੇ ਸਿਰ,
ਹੁਣ ਦੇਖਿਓ! ਇਹ ਉੱਗਦੇ, ਫਿਰ ਤੋਂ ਕਮਾਲ ਨਾਲ।



## ਅੱਜ ਤੱਕ ਵੀ ਛੇੜੇ ਕੰਬਣੀਆਂ......

ਅੱਜ ਤੱਕ ਵੀ ਛੇੜੇ ਕੰਬਣੀਆਂ, ਤੇਰਾ ਨਾਂ ਲਿਖਣਾ, ਮੇਰੇ ਨਾਂ ਦੇ ਕੋਲ।
ਬੁਲ੍ਹਾਂ ਵਿੱਚ ਨੱਪ ਕੇ ਮੁਸਕਣੀਆਂ, ਮੇਰਾ ਤੁਰ ਜਾਣਾ ਕੁੜੀਆਂ ਦੇ ਕੋਲ।

ਮੇਰੀ ਪੈੜ 'ਚ ਪੈੜ ਟਿਕਾ ਤੇਰਾ, ਫਿਰ ਤਾਜਮਹਿਲ ਵਿੱਚ ਆ ਜਾਣਾ,
ਕਦੇ ਕੋਲ ਦੀ ਹੋ ਕੇ ਲੰਘ ਜਾਣਾ, ਕਦੇ ਬਹਿ ਜਾਣਾ ਕਲੀਆਂ ਦੇ ਕੋਲ।

ਮੇਰੀ ਹਿੱਕ 'ਤੇ ਹਰੇ ਦੁਪੱਟੇ ਦਾ, ਲਹਿਰਾਂ ਹੀ ਲਹਿਰਾਂ ਹੋ ਜਾਣਾ,
ਤੇਰੀ ਅੱਖ ਦਾ ਸ਼ੀਸ਼ਾ ਰੁਕ ਜਾਣਾ, ਫਿਰ ਥਿੜਕਦੀਆਂ ਲਹਿਰਾਂ ਦੇ ਕੋਲ।

ਮੇਰਾ ਸੰਗ ਨਾਲ ਮੁੱਖ ਭੁਆ ਲੈਣਾ, ਫੁੱਲਾਂ ਤੋਂ ਰੰਗ ਚੁਰਾ ਲੈਣਾ,
ਤੇਰਾ ਹਾਸਾ ਬਿਜਲੀ ਹੋ ਜਾਣਾ, ਮੇਰੇ ਭਖਦੇ ਜਹੇ ਕੰਨਾਂ ਦੇ ਕੋਲ।

ਤੇਰਾ ਸੰਗਮਰਮਰ ਦੇ ਫਰਸ਼ਾਂ ਤੋਂ, ਚੁੱਕ ਲੈਣਾ ਧੂੜ ਵਫਾਵਾਂ ਦੀ,
ਫਿਰ ਝਕਦਿਆਂ ਝਕਦਿਆਂ ਧਰ ਦੇਣਾ, ਮੇਰੇ ਉਡ ਰਹੇ ਵਾਲਾਂ ਦੇ ਕੋਲ।

ਵੱਜਣੇ ਫਿਰ ਢੋਲ ਘਟਾਵਾਂ ਦੇ, ਘੁਲ਼ ਚੁੱਕੀਆਂ ਵਿੱਚ ਦੁਆਵਾਂ ਦੇ,
ਫਿਰ ਆਪਣਾ ਸਜਦਾ ਕਰ ਦੇਣਾ, ਨਿੱਕੀਆਂ ਨਿੱਕੀਆਂ ਕਣੀਆਂ ਦੇ ਕੋਲ।

ਆਪਾਂ ਵੀ ਇੰਜ ਬਣਾ ਲੈਣਾ, ਇਕ ਹੋਰ ਮੀਨਾਰ ਮੁਹੱਬਤ ਦਾ,
ਤੇ ਇਕ ਸਵਾਲ ਟਿਕਾ ਦੇਣਾ, ਦੁਨੀਆਂ ਦੇ ਫੈਸਲਿਆਂ ਦੇ ਕੋਲ।

## ਕਦੇ ਨਹੀਂ ਵਕਤ ਨੂੰ ਦਰਦਾਂ ਦਾ ਉਹ ਪਲ....

ਕਦੇ ਨਹੀਂ ਵਕਤ ਨੂੰ ਦਰਦਾਂ ਦਾ ਉਹ ਪਲ ਭੁੱਲਿਆ ਹੋਣਾ।
ਤੇਰਾ ਹੱਸ ਕੇ ਗਲੇ ਲੱਗਣਾ, ਮੇਰਾ ਰੋ ਕੇ ਜੁਦਾ ਹੋਣਾ।

ਉਹ ਮੇਰਾ ਬੈਠ ਜਾਣਾ ਖੋਲ੍ਹ ਕੇ ਐਵੇਂ ਕੋਈ ਪੁਸਤਕ,
ਤੇ ਪੜ੍ਹਦੇ ਜਾਣਾ ਤੈਨੂੰ ਹੀ, ਨਾ ਵਰਕਾ ਪਰਤਿਆ ਹੋਣਾ।

ਮੇਰੀ ਵੰਗ ਲਾਹ ਕੇ ਤੇਰਾ ਭੰਨਣਾ ਆਪਣੀ ਹਥੇਲੀ 'ਤੇ,
ਤੇ ਟੋਟਾ ਪਿਆਰ ਦਾ ਹੋਠਾਂ ਵਿਚਾਲੇ ਨੱਪਿਆ ਹੋਣਾ।

ਨਦੀ ਦੇ ਵਿੱਚ ਮੇਰਾ ਮੱਚ ਜਾਣਾ ਸਰਕੜੇ ਵਾਂਗਰ,
ਤੇ ਥਲ ਵਿੱਚ ਬਦਨ ਮੇਰਾ ਅੱਡੀਆਂ ਤੱਕ ਭਿੱਜਿਆ ਹੋਣਾ।

ਮੇਰੇ ਨੈਣਾਂ ਦੇ ਕਿਣਕੇ ਦਾ, ਉਹ ਚੁਭ ਜਾਣਾ ਤੇਰੇ ਨੈਣੀਂ,
ਤੇਰਾ ਹਰ ਹੰਝੂ ਮੇਰੀ ਪੀੜ ਉਤੋਂ ਵਾਰਿਆ ਹੋਣਾ।

ਮੁਹੱਬਤ ਧਰਤ, ਕੰਧਾਂ, ਤੇ ਮੁਹੱਬਤ ਦੀ ਹੀ ਛੱਤ ਦੇਣੀ,
ਕਿਸੇ ਨਹੀਂ ਵਾਂਗਰਾਂ ਤੇਰੇ ਵਫਾ ਨੂੰ ਵਰਤਿਆ ਹੋਣਾ।

ਰਤਨ ਨਿੱਕਲੇ 'ਮੁਹੱਬਤ' ਦਾ, ਨਾ ਕੋਈ ਦੇਵ ਨਾ ਦਾਨਵ,
ਕਿਸੇ ਨਹੀਂ ਇਸ ਤਰ੍ਹਾਂ ਕੋਈ ਸਮੁੰਦਰ ਰਿੜਕਿਆ ਹੋਣਾ।



## ਹਿਜਰ ਵਿੱਚ ਹੰਝੂਆਂ ਦੀ ਕਿਣਮਿਣ.....

ਹਿਜਰ ਵਿੱਚ ਹੰਝੂਆਂ ਦੀ ਕਿਣਮਿਣ ਜਿਗਰ'ਤੇ ਲਹਿੰਦੀ ਰਹੀ।
ਸੇਕ ਵੀ ਲੱਗਦਾ ਰਿਹਾ ਤੇ ਠੰਢ ਵੀ ਪੈਂਦੀ ਰਹੀ।

ਉਮਰ ਦੀ ਟਾਹਣੀ ਨੂੰ ਲੱਗੀਆਂ ਲਾਚੀਆਂ ਪੀੜਾਂ ਦੀਆਂ,
ਮਹਿਕ ਗੀਤਾਂ ਮੇਰਿਆਂ ਵਿੱਚ ਹਰ ਘੜੀ ਰਹਿੰਦੀ ਰਹੀ।

ਤਾਰਿਆਂ ਦੇ ਅੱਖਰਾਂ ਵਿੱਚ ਤੇਰੀ ਮੇਰੀ ਹੈ ਕਥਾ,
ਹਰ ਸਦੀ ਅਗਲੀ ਸਦੀ ਨੂੰ ਇਹ ਕਥਾ ਕਹਿੰਦੀ ਰਹੀ।

ਨੱਪੀ ਸੀ, ਘੁੱਟੀ ਸੀ, ਬੁੱਕਲ ਮਾਰੀ ਪੀਚ ਪੀਚ ਕੇ,
ਨ੍ਹੇਰੀ ਸੀ ਮੂੰਹ-ਜ਼ੋਰ, ਚੁੰਨੀ ਸਿਰਾਂ ਤੋਂ ਲਹਿੰਦੀ ਰਹੀ।

ਗਿਰ ਗਿਆ ਛੱਲਾ ਤੇ ਰੁੱਸਾ ਮੀਤ, ਫਿਰ ਮੰਨਿਆ ਈ ਨਾ,
ਹਰ ਯੁਗ ਦੀ 'ਸ਼ਕੁੰਤਲਾ' ਏਹੋ ਸਜ਼ਾ ਸਹਿੰਦੀ ਰਹੀ।

ਤੇਰਿਆਂ ਹੱਥਾਂ 'ਤੇ ਉੱਗੇ ਮੇਰੀ ਖਾਤਿਰ ਭੱਖੜੇ,
ਮੇਰਿਆਂ ਹੱਥਾਂ 'ਤੇ ਤੇਰੇ ਨਾਮ ਦੀ ਮਹਿੰਦੀ ਰਹੀ।

ਜੰਮੇ ਤਾਂ ਪਰਬਤ ਜਿਹਾ ਉਹ, ਪਿਘਲੇ ਤਾਂ ਦਰਿਆ ਜਿਹਾ,
ਸ਼ਖਸ , ਜਿਸਨੂੰ ਮੈਂ ਸਦਾ ਕੱਚਾ ਘੜਾ ਕਹਿੰਦੀ ਰਹੀ।

## ਜ਼ਿੰਦਗੀ ! ਤਪਦੇ ਸਿਰਾਂ 'ਤੇ ਛਾਂ ਕਰ ਦੇ

ਜ਼ਿੰਦਗੀ ! ਤਪਦੇ ਸਿਰਾਂ 'ਤੇ ਛਾਂ ਕਰ ਦੇ।
ਫੁੱਲਾਂ ਦਾ ਮੌਸਮ ਤੂੰ ਸਭ ਦੇ ਨਾਂ ਕਰ ਦੇ।

ਮਾਂਗ ਨੂੰ ਸੰਧੂਰ ਦਾ ਵਰਦਾਨ ਦੇ ਦੇ,
ਹਰ ਸੰਧੂਰੀ ਮਾਂਗ ਨੂੰ ਫਿਰ ਮਾਂ ਕਰ ਦੇ।

ਵਕਤ ਨੇ ਜਿਸ ਪੰਛੀ ਦੇ ਪਰ ਨੋਚ ਦਿੱਤੇ,
ਉਹਦੇ ਪੌਂਹਚੇ ਹੇਠਾਂ ਕਹਿਕਸ਼ਾਂ ਕਰ ਦੇ।

ਜਿਹਨਾਂ ਦੇ ਪੁਲ਼ਾਂ 'ਤੇ ਜੋਬਨ-ਰੁੱਤ ਮੋਈ,
ਉਹਨਾਂ ਸਭ ਦਰਿਆਵਾਂ ਨੂੰ ਝਨਾਂ ਕਰ ਦੇ।

ਗਿੱਧੇ ਭੰਗੜੇ ਹੁੰਦੇ ਕੀ, ਹਾਕਮ ਨੂੰ ਦੱਸੀਂ,
ਗੋਲ਼ੀਆਂ ਨੂੰ ਏਦਾਂ ਬੋਲੀਆਂ ਕਰ ਦੇ।

ਜੀਣ ਦਾ ਜੇ ਹੱਕ ਹੈ ਸਭਨਾਂ ਨੂੰ ਤਾਂ ਫਿਰ,
ਟੁੱਟੀਆਂ ਮੰਜੀਆਂ ਨੂੰ ਕੁਰਸੀਆਂ ਕਰ ਦੇ।

ਪਤਝੜ ਦੀ ਕੁਰਲਾਟ ਨੂੰ ਸੁਣ ਲੈ ਜ਼ਰਾ ਤੂੰ,
ਜ਼ਿੰਦਗੀ ! ਓ ਜ਼ਿੰਦਗੀ ! ਹੁਣ 'ਹਾਂ' ਕਰ ਦੇ।



## ਰਾਤ ਨੂੰ ਜੋ ਜਗ ਪਿਆ ਸੀ.....

ਰਾਤ ਨੂੰ ਜੋ ਜਗ ਪਿਆ ਸੀ, ਜੁਗਨੂੰਆਂ ਦੇ ਨਾਲ ਨਾਲ।
ਓਸ ਸੂਰਜ ਨੇ ਜਿਉਣੈਂ ਧੜਕਣਾਂ ਦੇ ਨਾਲ ਨਾਲ।

ਬੇਵਿਸਾਹੀ ਦਾ ਸਮੁੰਦਰ , ਬੇਵਫਾਈ ਦੇ ਭੰਵਰ,
ਫੇਰ ਵੀ ਕੰਢੇ 'ਤੇ ਆਉਣੈਂ ਤਿਣਕਿਆਂ ਦੇ ਨਾਲ ਨਾਲ।

ਤੈਨੂੰ ਲੱਗੇ ਸੇਕ ਮੈਂ ਸਾਰੀ ਦੀ ਸਾਰੀ ਪਿਘਲ ਜਾਂ,
ਇਸ ਤਰ੍ਹਾਂ ਨਿਭਣੀ ਮੁਹੱਬਤ, ਫੇਰਿਆਂ ਦੇ ਨਾਲ ਨਾਲ।

ਰੋਵੇ ਦਿਲ ਤੇ ਜ਼ੇਹਨ ਹੱਸੇ ਧੀ ਦੀ ਡੋਲੀ ਤੋਰ ਕੇ,
ਇਸ ਤਰ੍ਹਾਂ ਵੱਸਦੇ ਨੇ ਹਾਸੇ , ਹੰਝੂਆਂ ਦੇ ਨਾਲ ਨਾਲ।

ਅਣਖ ਲਈ ਵੱਢ ਕੇ ਜੋ ਦੱਬੀ, ਉਸ ਕੁੜੀ ਦੀ ਕਬਰ'ਚੋਂ
ਉੱਠ ਰਹੀਆਂ ਨੇ ਦੁਆਵਾਂ ਸਿਸਕੀਆਂ ਦੇ ਨਾਲ ਨਾਲ।

ਕਿਹੜਿਆਂ ਗਗਨਾਂ 'ਤੇ ਵਸਨੈਂ ? ਕੋਈ ਤਾਂ ਝਲਕਾਰ ਦੇ,
ਮੈਂ ਬੜਾ ਲੱਭਿਆ ਹੈ ਤੈਨੂੰ, ਤਾਰਿਆਂ ਦੇ ਨਾਲ ਨਾਲ।

ਗ਼ਜ਼ਲ ਲਿਖਣੀ ਇੰਜ ਹੈ, ਸੋਨੇ 'ਚੋਂ ਘੜਨੀ ਟੂੰਮ ਜਿਉਂ,
ਮੱਚਣਾ ਪੈਂਦਾ ਹੈ ਮਘਦੇ ਅੱਖਰਾਂ ਦੇ ਨਾਲ ਨਾਲ।

## ਜਿਹਦਾ ਹਰ ਅੰਗ ਜ਼ਖ਼ਮੀ ਹੈ....

ਜਿਹਦਾ ਹਰ ਅੰਗ ਜ਼ਖ਼ਮੀ ਹੈ, ਉਹ ਫਿਰ ਖੰਜਰ ਨੂੰ ਕੀ ਜਾਣੇ।
ਜਿਹਦੀ ਹਰ ਰੁੱਤ ਅਗਵਾ ਹੈ, ਉਹ ਫਿਰ ਅੰਬਰ ਨੂੰ ਕੀ ਜਾਣੇ।

ਜਿਹਨੂੰ ਕਾਗਾਂ ਦਗਾ ਦਿੱਤਾ, ਜਿਹਨੂੰ ਨਾਗਾਂ ਦਗਾ ਦਿੱਤਾ,
ਉਹ ਰਾਣੀ ਰਾਤ ਦੀ , ਮੌਸਮ ਦੇ ਛਡਿਅੰਤਰ ਨੂੰ ਕੀ ਜਾਣੇ।

ਜਿਹਦੇ ਨੈਣਾਂ 'ਚ ਤਾਰੇ ਟੁੱਟ ਕੇ ਹਰ ਰੋਜ਼ ਚੁਭਦੇ ਨੇ,
ਉਹ ਆਪਣੀ ਪਲਕ ਦੇ ਅੰਦਰ ਖੁਭੇ ਕੰਕਰ ਨੂੰ ਕੀ ਜਾਣੇ।

ਜਿਹਦੇ ਹਰ ਕਦਮ 'ਤੇ ਰੇਖਾ, ਜਿਹਦੇ ਹਰ ਬੋਲ 'ਤੇ ਪਹਿਰੇ,
ਉਹ ਨਜ਼ਰਬੰਦ ਸੀਤਾ, ਮੁਲਕ ਸਵਤੰਤਰ ਨੂੰ ਕੀ ਜਾਣੇ।

ਜਿਹਦੀ ਜਾਈ ਦਾ ਚੂੜਾ ਡੁੱਬ ਜੇ ਓਸੇ ਦੇ ਖ਼ੂਨ ਵਿੱਚ,
ਕੋਈ ਉਸ ਮਾਂ ਦੇ ਡਾਡਾਂ ਮਾਰਦੇ ਅੰਦਰ ਨੂੰ ਕੀ ਜਾਣੇ।

ਜਿਹਦੇ ਦਿਲਦਾਰ ਉੱਤੇ ਹੋ ਜਾਏ ਬਰਸਾਤ ਬੰਬਾਂ ਦੀ
ਉਹ ਫਿਰ ਕਵਚਾਂ ਨੂੰ ਕੀ ਸਮਝੇ, ਉਹ ਫਿਰ ਬੰਕਰ ਨੂੰ ਕੀ ਜਾਣੇ।

ਜਿਹੜੀ ਦਰਦਾਂ 'ਚ ਗੁੰਨ੍ਹੀ ਹੈ, ਜਿਹੜੀ ਪੀੜਾਂ 'ਚ ਬੰਨ੍ਹੀ ਹੈ,
ਉਹ ਗ਼ਜ਼ਲ ਮੈਅਕਦੇ ਵਿੱਚ ਗੁਟ੍ਹਕਦੇ ਮੰਜਰ ਨੂੰ ਕੀ ਜਾਣੇ।



## ਸਾਡੀ ਰੈਣ ਤ੍ਰਿੰਜਣ ਹੋਈ .....

ਸਾਡੀ ਰੈਣ ਤ੍ਰਿੰਜਣ ਹੋਈ , ਚੰਦ ਨੂੰ ਕੱਤਿਆ ਚਾਅਵਾਂ ਨਾਲ।
ਰਿਸ਼ਮਾਂ ਦੇ ਛਬਦਾਰ ਗਲੋਟੇ, ਭਰ ਗਈ ਝੋਲ ਦੁਆਵਾਂ ਨਾਲ।

ਨਾ ਸਾਡੀ ਚਾਹਤ ਵਿੱਚ ਭਟਕਣ, ਨਾ ਖੁਸ਼ਬੂ ਦਾ ਕੋਈ ਦਰਪਣ,
ਫਿਰ ਵੀ ਪੱਕਿਆਂ ਬਿਰਖਾਂ ਹੇਠੋਂ ਹੋਈਆਂ ਸੱਤ ਬਲਾਵਾਂ ਨਾਲ।

ਉੱਚੜੀ ਬਹੁਤ ਅਟਾਰੀ ਤੇਰੀ, ਅੱਖ ਸਾਡੀ ਨੱਕੇ ਤੋਂ ਨਿਕੇਰੀ,
ਕਿੰਜ ਤੱਕਦੇ, ਹਾਇ ਕੀਕਣ ਤੱਕਦੇ, ਤੈਨੂੰ ਅਲਪ ਵਿਧਾਵਾਂ ਨਾਲ।

ਨਾ ਹੱਥ ਵਿੱਚ ਅੱਖਰਾਂ ਦੀ ਡੋਈ, ਨਾ ਸਿਰ 'ਤੇ ਫੱਕਰਾਂ ਦੀ ਲੋਈ,
ਮੇਲੇ ਵਿੱਚ ਗੁਆਚ ਗਏ ਹਾਂ, ਰੱਖਿਆ ਨਾ ਸਿਰਨਾਵਾਂ ਨਾਲ।

ਤੱਤੀ ਰੇਤ, ਪਿਘਲਿਆ ਸਿੱਕਾ, ਜਦ ਬਣਿਆ ਮੱਥੇ ਦਾ ਟਿੱਕਾ,
ਸਾਥੋਂ ਉੱਚਾ ਹੋ ਕੇ ਤੁਰਿਆ , ਪੀੜਾਂ ਦਾ ਪਰਛਾਵਾਂ ਨਾਲ।

ਤਲੀਆਂ ਉੱਤੇ ਪਿਆਸ ਕਟੋਰਾ, ਕਿਤਿਉਂ ਚਿੱਬਾ ਕਿਤਿਉਂ ਕੋਰਾ,
ਵੱਸ ਵਿੱਚ ਨਾ ਇੱਕ ਤੁਪਕਾ ਸਾਡੇ, ਕਿੰਜ ਨਿਭੇ ਦਰਿਆਵਾਂ ਨਾਲ।

ਤੂੰ ਚਾਹੇਂ ਤਾਂ ਦੀਦ ਕਰਾ ਦੇ, ਚਾਨਣ ਦੀ ਇੱਕ ਤਿੱਪ ਪਿਆ ਦੇ,
ਫਿਰ ਨਾ ਲੱਭੇ ਹਸਤੀ ਮੇਰੀ, ਮਿਲ ਜਾਂ ਇੰਜ ਦਿਸ਼ਾਵਾਂ ਨਾਲ।

## ਮੁਸਕਾਨ ਦੀ ਕੋਈ ਲੋਅ ਜਿਹੀ....

ਮੁਸਕਾਨ ਦੀ ਕੋਈ ਲੋਅ ਜਿਹੀ ਚਿਹਰੇ 'ਤੇ ਬਾਲ਼ ਰੱਖੀਂ।
ਕਾਇਨਾਤ ਦੀ ਐਲਬਮ 'ਚ ਇਹ ਫੋਟੋ ਸੰਭਾਲ਼ ਰੱਖੀਂ।

ਲੱਭਦੈਂ ਨਜ਼ਾਰੇ , ਝੀਲ਼ ਤੋਂ , ਫੁੱਲਾਂ ਤੋਂ , ਅੰਬਰੋਂ,
ਖ਼ੁਦ ਵੀ ਨਜ਼ਾਰਾ ਹੋਣ ਦਾ ਕੋਈ ਕਮਾਲ ਰੱਖੀਂ।

ਮਿਲਦੈ ਚੁਰਾਸੀ ਪੌੜੀਆਂ ਤੋਂ ਬਾਅਦ ਚਿਹਰਾ ਇਹ,
ਹੰਝੂਆਂ ਦੀ ਬਉਲੀ ਵਿੱਚ ਨਾ ਇਹਨੂੰ ਹੰਗ੍ਹਾਲ ਰੱਖੀਂ।

ਬਿਰਹਾ ਜੇ ਹੁਣ ਨਸੀਬ ਹੈ , ਕੱਲ੍ਹ ਵਸਲ ਵੀ ਤਾਂ ਸੀ,
ਹਾਸੇ ਨੂੰ ਵੀ ਤੂੰ ਹਉਕਿਆਂ ਦੇ ਨਾਲ ਨਾਲ ਰੱਖੀਂ।

ਤੇਰੇ ਲਈ ਹੀ ਰੰਗ ਹੈ , ਰਸਤਾ ਹੈ , ਨੂਰ ਹੈ,
ਹਉਮੈਂ ਦਾ ਕਾਲਾ-ਮੋਤੀਆ ਨੈਣਾਂ 'ਚੋਂ ਟਾਲ਼ ਰੱਖੀਂ।

ਕਿੰਨਿਆਂ ਨੂੰ ਦਿੱਤੀ ਹੈ ਖ਼ੁਸ਼ੀ ? ਕਿੰਨਿਆਂ ਦੀ ਖੋਹੀ ਹੈ ?
ਸ਼ੀਸ਼ੇ ਦੇ ਸਾਹਵੇਂ ਆਪਣੇ ਅੱਗੇ ਸਵਾਲ ਰੱਖੀਂ।

ਤੱਕਣੇ ਜੇ ਸੱਤੇ ਰੰਗ ਤੂੰ ਪਾਣੀ ਦੇ ਰੰਗ 'ਚੋਂ,
ਸਿੱਲ੍ਹੀ ਤਲੀ 'ਤੇ ਰੇਸ਼ਮੀ , ਕੋਈ ਰੁਮਾਲ ਰੱਖੀਂ।

ਉੱਡਣੇ ਨੇ ਤੇਰੇ ਬੋਟ ਜਦ , ਉਸ ਦਿਨ ਦੇ ਵਾਸਤੇ,
ਘੁੱਗੀਆਂ ਨੂੰ ਤੂੰ ਮਨ ਦੀ ਕਿਸੇ ਨੁੱਕਰ 'ਚ ਪਾਲ਼ ਰੱਖੀਂ।

ਸੁੰਨ ਲੈ ਕੇ ਪੋਹ ਦੀ, ਮਾਘ ਦੀ, ਭੱਜੀ ਹੈ ਆਉਂਦੀ ਸ਼ਾਮ,
ਨਜ਼ਮਾਂ ਦੀ , ਗ਼ਜ਼ਲਾਂ ਦੀ , ਕਿਸੇ ਧੂਣੀ ਨੂੰ ਬਾਲ਼ ਰੱਖੀਂ।